ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ
ਸਾਲ 100 ਵਾਂ

Price: Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੧ ਤੋਂ ੧੫ ਅੱਸੂ ੨੦੭੭ ਬਿ.
16 To 30 Sept. 2020

ਜਿਲਦ 28
ਨੰਬਰ 16
Total Pages 44



ਸਤਿਗੁਰੂ ਬਾਲਕ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰਗੱਦੀ ਸੌਂਪਣਾ

2 ਅਗਸਤ 2003 ਈ. ਨੂੰ ਜਦੋਂ ਪੰ. ਜਸਰਾਜ ਜੀ ਸ੍ਰੀ ਭੈਣੀ ਸਾਹਿਬ ਆਏ।





1 ਸਿਤੰਬਰ 2020 ਈ. ਨੂੰ ਬੰਗਲੌਰ ਵਿਖੇ ਜਪ-ਪ੍ਰਯੋਗ ਦੀ ਸ਼ੁਰੂਆਤ ਹੋਈ





# ਸਤਿਜੁਗ

**੧ ਤੋਂ ੧੫ ਅੱਸੂ ੨੦੭੭ ਬਿ.**

**16 ਤੋਂ 30 ਸਤੰਬਰ 2020 ਈ:**

**ਜਿਲਦ 28, ਵੀਰਵਾਰ ਨੰਬਰ 16**

**ਸਤਿਜੁਗ**:ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
*Harpal Singh 'Sewak'*
*Sukhwinder Singh 'Lyall'*
*Sant Nishan Singh*
*Jaswant Singh 'Mast'*
***Bhajan Singh***
***Gurlal Singh***



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Taran Singh 'Bal'***
***Vishav Namdhari Sangat, Sri Bhaini Sahib***

***Satjug@sribhainisahib.com***



**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ-- ਪਹਿਲੀ ਅੱਸੂ
ਭਜਨ ਸਿੰਘ ....................................................4
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ..................................6
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.................................6
* ਸਤਿਗੁਰੂ ਬਿਲਾਸ ਵਿਚੋਂ ................................................7
* ਸਿੱਖ ਅਤੇ ਸਿੰਘ
ਸਿਰਦਾਰ ਕਪੂਰ ਸਿੰਘ ਆਈ.ਸੀ.ਐਸ......................9
* ਕਵਿਤਾ- ਮਾਏ ਤੇਰੇ ਬਾਝੋਂ
ਇਰਸ਼ਾਦ ਸੰਧੂ..................................12
* ਨਾਮ ਸਿਮਰਨ
ਮਹਿੰਦਰ ਸਿੰਘ ਕੂਕਾ....................................................13
* ਇਕ ਦਿਨ ਅਸਾਂ ਵੀ ਆਲਮਾ ਟੁਰ ਜਾਣਾ
ਗੁਰਲਾਲ ਸਿੰਘ...................19
* ਅੰਦਾਜ਼-ਏ-ਬਿਆਂ ਔਰ: ਡਾ. ਰਾਹਤ ਇੰਦੌਰੀ
ਭਜਨ ਸਿੰਘ..................21
* ਰਾਹਤ ਇੰਦੌਰੀ ਦੇ ਚੋਣਵੇਂ ਸ਼ੇਅਰ.......................................24
* ਗੁਰੂ ਜੋਗ ਦੇ ਭੇਤ ਨੂੰ ਦੱਸਿਆ ਈ
ਜ. ਨਿਸ਼ਾਨ ਸਿੰਘ (ਦਿੱਲੀ) ..............25
* ਮਾਨਸੂਨ ਵਿੱਚ ਚਮੜੀ ਦੀ ਦੇਖਭਾਲ
ਡਾ. ਅਲਪਨਾ ਠਾਕੁਰ..................28
* ਗੁਰਮਤਿ ਵਿੱਚ ਬਿਬੇਕ ਦਾ ਸੰਕਲਪ
ਹਰਪਾਲ ਸਿੰਘ ਸੇਵਕ....................29
* ਸੰਗੀਤ ਮਾਰਤੰਡ ਪੰ. ਜਸਰਾਜ- ਏਕ ਸੰਗੀਤਕ ਯਾਤਰਾ
ਰਾਜੇਸ਼ ਕੁਮਾਰ ਮਾਲਵੀਆ ........31
* Reviving Our Sense Of Faith
Nihal Kaur ....................................33
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ.........35
* A Saga of Sri Satguru Jagjit Singh ji
Dr. Sharada Jayagovind .........38
* ਸੁੱਚੇ ਮੋਤੀ ..............................................................39
* ਬੱਚਿਆਂ ਦਾ ਪੰਨਾ...........................................................40
* ਅਲਵਿਦਾ ਡਾ. ਦਰਿਆ
ਹਰਭਜਨ ਸਿੰਘ ਭਾਟੀਆ.......................................41

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਪਹਿਲੀ ਅੱਸੂ

ਸਾਲ ਦੇ ਤਿੰਨ ਸੌ ਪ੍ਰੈਂਠ ਜਾਂ ਤਿੰਨ ਸੌ ਛਿਆਹਠ ਦਿਨ ਵੈਸੇ ਤਾਂ ਸਰਬ ਸਾਧਾਰਨ ਹੀ ਹੁੰਦੇ ਹਨ। ਪਰ ਫਿਰ ਵੀ ਕੁਝ ਦਿਨ ਐਸੇ ਹੁੰਦੇ ਹਨ, ਜੋ ਸਾਡੇ ਸਮਾਜ ਵਿੱਚ ਵਿਸ਼ੇਸ਼ ਰੂਪ ਵਿੱਚ ਮਨਾਏ ਜਾਂਦੇ ਹਨ। ਉਨ੍ਹਾਂ ਨੂੰ ਮਨਾਉਣ ਦੇ ਤਰੀਕੇ ਵੱਖੋ-ਵੱਖਰੇ ਹੁੰਦੇ ਹਨ। ਉਨ੍ਹਾਂ ਦਿਨਾਂ ਦਾ ਸਾਡੇ ਸਮਾਜ ਦੇ ਕਿਸੇ ਨਾਇਕ ਜਾਂ ਕਿਸੇ ਘਟਨਾ ਆਦਿ ਨਾਲ ਖ਼ਾਸ ਸੰਬੰਧ ਹੁੰਦਾ ਹੈ। ਇਸੇ ਤਰ੍ਹਾਂ ਦਾ ਹੀ ਇੱਕ ਦਿਨ ਅੰਗਰੇਜ਼ੀ ਮਹੀਨੇ ਸਤੰਬਰ ਦੀ ਕਦੀ ਪੰਦਰਾਂ, ਕਦੀ ਸੋਲਾਂ ਤੇ ਕਦੀ ਸਤਾਰਾਂ ਤਾਰੀਖ਼ ਨੂੰ ਆਉਂਦਾ ਹੈ। ਇਹ ਹੈ 'ਅੱਸੂ ਦੀ ਸੰਗਰਾਂਦ' ਦਾ ਦਿਨ, ਅੱਸੂ ਮਹੀਨੇ ਦੀ 'ਪਹਿਲੀ ਤਾਰੀਖ਼'। ਇਸ ਤਾਰੀਖ਼ ਦਾ ਨਾਮਧਾਰੀ ਇਤਿਹਾਸ ਤੇ ਸਮਾਜ ਨਾਲ ਖ਼ਾਸ ਸੰਬੰਧ ਹੈ।

ਹਰ ਸਾਲ ਸ੍ਰੀ ਭੈਣੀ ਸਾਹਿਬ ਵਿਖੇ ਇੱਕ ਅੱਸੂ ਤੋਂ ਜਪ-ਪ੍ਰਯੋਗ ਸ਼ੁਰੂ ਹੁੰਦਾ ਹੈ, ਜਿਸ ਦੀ ਸਮਾਪਤੀ ਅੱਸੂ ਮਹੀਨੇ ਦੇ ਆਖਰੀ ਚਾਰ ਦਿਨਾਂ ਵਿੱਚ ਇੱਕ ਵੱਡਾ ਮੇਲਾ ਕਰਕੇ ਇੱਕ ਕੱਤਕ ਸਵੇਰੇ ਸੂਰਜ ਦੇ ਚੜ੍ਹਾਅ ਨਾਲ ਹੁੰਦੀ ਹੈ। ਇੱਕ ਅੱਸੂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਇੱਕ ਅਲੱਗ ਜਿਹੀ ਦਿੱਖ ਵਾਲਾ ਮਾਹੌਲ ਬਣਦਾ ਹੈ। ਅੰਮ੍ਰਿਤ ਵੇਲੇ ਸਾਰੇ ਨਾਮਧਾਰੀ ਸਿੰਘ, ਸਿੰਘਣੀਆਂ, ਬਜ਼ੁਰਗ, ਬੱਚੇ ਖੂਹਾਂ ਤੋਂ ਇਸ਼ਨਾਨ ਕਰਕੇ, ਅੰਮ੍ਰਿਤ ਛਕ ਕੇ, ਜਪ-ਪ੍ਰਯੋਗ ਦੀ ਅਰਦਾਸ ਵਿੱਚ ਸ਼ਾਮਿਲ ਹੁੰਦੇ ਹਨ। ਫਿਰ ਪੂਰਾ ਅੱਸੂ ਦਾ ਮਹੀਨਾ ਸਾਰੇ ਖਾਣ-ਪੀਣ ਅਤੇ ਬੋਲਣ ਦਾ ਸੰਜਮ ਰੱਖਦੇ ਹਨ। ਕੋਈ ਵੱਡੀ ਸੋਧ ਰੱਖਦਾ ਹੈ, ਕੋਈ ਛੋਟੀ ਸੋਧ ਤੇ ਕੋਈ ਕੇਵਲ ਬਾਜ਼ਾਰ ਦਾ ਹੀ ਖਾਣਾ ਛੱਡਦਾ ਹੈ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜ਼ਿਆਦਾ ਤੋਂ ਜ਼ਿਆਦਾ ਸਮਾਂ ਭਜਨ-ਬਾਣੀ ਸੰਗ ਲਾਇਆ ਜਾਂਦਾ ਹੈ।

ਇਸ ਜਪ-ਪ੍ਰਯੋਗ ਦੀ ਸ਼ੁਰੂਆਤ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ। ਉਨ੍ਹਾਂ ਗੁਰਗੱਦੀ 'ਤੇ ਸੁਭਾਇਮਾਨ ਹੋਣ ਤੋਂ ਬਾਅਦ, ਨੀਲੋਂ ਨਹਿਰ ਦੇ ਕੰਢੇ ਚਾਲੀ ਦਿਨਾਂ ਦਾ ਪਹਿਲਾ ਜਪ-ਪ੍ਰਯੋਗ ਕੀਤਾ। ਫਿਰ ਉਸ ਤੋਂ ਬਾਅਦ ਹਰ ਸਾਲ ਇਹ ਜਪ-ਪ੍ਰਯੋਗ ਰੱਖਣ ਦੀ ਮਰਯਾਦਾ ਬਣ ਗਈ। ਇਨ੍ਹਾਂ ਦਿਨਾਂ ਦੌਰਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਠੀਂ ਪਹਿਰੀਂ ਆਹਾਰ ਕਰਦੇ, ਸੀਮਤ ਬਚਨ ਕਰਦੇ, ਬਹੁਤਾ ਸਮਾਂ ਨਾਮ ਜਪਦਿਆਂ ਜਾਂ ਫਿਰ ਗੁਰਬਾਣੀ ਪੜ੍ਹਦਿਆਂ ਤੇ ਵਾਚਦਿਆਂ ਬਤੀਤ ਕਰਦੇ। ਪਹਿਲਾਂ ਪਹਿਲ ਇਹ ਜਪ-ਪ੍ਰਯੋਗ ਸਾਉਣ ਦੇ ਮਹੀਨੇ ਸ਼ੁਰੂ ਹੋ ਕੇ ਭਾਦਰੋਂ ਵਿੱਚ ਸਮਾਪਤ ਹੁੰਦਾ ਸੀ। ਫਿਰ ਹੌਲੀ-ਹੌਲੀ ਉਸ ਦੀਆਂ ਤਾਰੀਖਾਂ ਖਿਸਕਦੀਆਂ ਹੋਈਆਂ ਪਹਿਲੀ ਅੱਸੂ 'ਤੇ ਆਣ ਰੁਕੀਆਂ। ਲੰਮੇ ਸਮੇਂ ਤੋਂ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹੁਣ ਮੌਜੂਦਾ ਸਤਿਗੁਰੂ ਉਦੇ ਸਿੰਘ ਦੀ ਰਹਿਨੁਮਾਈ ਹੇਠ ਇਹ ਮੇਲਾ ਇੱਕ ਅੱਸੂ ਤੋਂ ਸ਼ੁਰੂ ਹੋ ਕੇ ਇੱਕ ਕੱਤਕ ਨੂੰ ਸਮਾਪਤ ਹੁੰਦਾ ਹੈ।

'ਪਹਿਲੀ ਅੱਸੂ' (ਅੱਸੂ ਦੀ ਸੰਗਰਾਂਦ) ਦਾ ਨਾਮਧਾਰੀ ਇਤਿਹਾਸ ਨਾਲ ਇੱਕ ਹੋਰ ਘਟਨਾ ਕਰਕੇ ਵੀ ਖ਼ਾਸ ਸੰਬੰਧ ਹੈ।

ਜੀ ਹਜਰੋਂ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਪਾਸ ਪਹੁੰਚੇ ਸਨ। ਜਾਂਦਿਆਂ ਨੂੰ ਸਤਿਗੁਰੂ ਬਾਲਕ ਸਿੰਘ ਦੀ ਕਥਾ ਕਰ ਰਹੇ ਸਨ। ਸੰਗਤ ਬੈਠੀ ਹੋਈ ਸੀ। ਗੁਰਬਾਣੀ ਦੇ ਸ਼ਬਦ –

ਠਾਕੁਰ ਤਮ ਸਰਣਾਈ ਆਇਆ॥
ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥

ਦੀ ਵਿਆਖਿਆ ਕਰ ਰਹੇ ਸਨ। ਗੁਰੂ ਰਾਮ ਸਿੰਘ ਜੀ ਨੂੰ ਆਇਆਂ ਵੇਖ, ਸਤਿਗੁਰੂ ਬਾਲਕ ਸਿੰਘ ਜੀ ਬਚਨ ਕੀਤਾ, " ਆਓ ਠਾਕਰੋ ! ਅਸੀਂ ਤਾਂ ਤੁਹਾਨੂੰ ਬੜੇ ਸਮੇਂ ਦੇ ਉਡੀਕ ਰਹੇ ਸੀ। "

"ਆਓ ! ਬੈਠੋ" ਕਹਿ ਕੇ ਗੁਰੂ ਰਾਮ ਸਿੰਘ ਜੀ ਨੂੰ ਆਪਣੇ ਕੋਲ ਹੀ ਬਿਠਾ ਲਿਆ। ਨਾਮ ਦੀ ਦਾਤ ਬਖਸ਼ੀ ਤੇ ਹੁਕਮ ਕੀਤਾ, "ਹੁਣ ਇਸ ਨਾਮ ਦੇ ਖਜ਼ਾਨੇ ਦੀ ਕੁੰਜੀ ਤੁਹਾਡੇ ਹੱਥ ਹੈ, ਇਸ ਨਾਮ ਦੇ ਗੱਫ਼ੇ ਨੂੰ ਤੁਸੀਂ ਹੀ ਵਰਤਾਉਣਾ ਹੈ, ਇਸ ਕਲਯੁੱਗ ਦੇ ਸਮੇਂ ਵਿੱਚ ਨਾਮ ਹੀ ਪ੍ਰਧਾਨ ਹੈ–

ਅਬ ਕਲੂ ਆਇਓ ਰੇ॥ ਇਕੁ ਨਾਮ ਬੋਵਹੁ ਬੋਵਹੁ॥
ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥

ਤੋਂ ਇਲਾਵਾ ਉਪਦੇਸ਼ ਦਿੱਤਾ–

– ਬਿਨਾਂ ਨਾਮ ਵਾਲੇ ਦੇ ਹੱਥ ਦਾ ਨਹੀਂ ਛਕਣਾ।
– ਪਰਾਏ ਹੱਕ ਵੱਲ ਨਿਗਾਹ ਨਹੀਂ ਕਰਨੀ।
– ਕਿਸੇ ਤੋਂ ਪੂਜਾ ਨਹੀਂ ਲੈਣੀ। "

ਫਿਰ ਸਤਿਗੁਰੂ ਬਾਲਕ ਸਿੰਘ ਦੀ ਪਤਾਸਿਆਂ ਦਾ ਮੁੱਖ ਭਰ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਝੋਲੀ ਵਿੱਚ ਪਾ ਦਿੱਤਾ। ਪੰਜ ਪੈਸੇ ਤੇ ਨਾਰੀਅਲ ਭੇਟਾ ਧਰ, ਪੰਜ ਪ੍ਰਕਰਮਾਂ ਕਰਕੇ, ਨਮਸਕਾਰ ਕੀਤੀ। ਬਚਨ ਕੀਤਾ, "ਠਾਕੁਰ ਜੀ ! ਇਹ ਵਸਤੂ ਤੁਹਾਡੀ ਸੀ, ਅਸੀਂ ਤਾਂ ਰਾਖੇ ਬੈਠੇ ਸੀ, ਤੁਸੀਂ ਹੁਣ ਸਾਰੇ ਸੰਸਾਰ ਤੋਂ ਨਾਮ ਜਪਾਉਣਾ ਹੈ। "

ਸਤਿਗੁਰੂ ਬਾਲਕ ਸਿੰਘ ਜੀ ਨੇ ਹਜਰੋਂ ਦੀ ਸਾਰੀ ਸੰਗਤ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ 'ਤੇ ਨਮਸਕਾਰ ਕਰਨ ਲਈ ਆਖਿਆ। ਗੁਰੂ ਨਾਨਕ ਦੇਵ ਜੀ ਦੇ ਰਾਜ–ਯੋਗ ਤਖ਼ਤ 'ਤੇ ਬਾਹਰਵੀਂ ਪਾਤਸ਼ਾਹੀ ਨੂੰ ਸੁਭਇਮਾਨ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਆ ਜਿੱਥੇ ਆਪ ਨਾਮ ਜਾਪਦੇ ਉੱਥੇ ਹੋਰਨਾਂ ਨਰ–ਨਾਰੀਆਂ ਤੋਂ ਵੀ ਨਾਮ ਜਪਾਉਣਾ ਸ਼ੁਰੂ ਕਰ ਦਿੱਤਾ। ਬੜੇ ਜ਼ੋਰ ਤੇ ਉੱਦਮ ਨਾਲ ਦੇਸ਼, ਸਮਾਜ ਤੇ ਧਰਮ ਦੇ ਕੰਮਾਂ ਨੂੰ ਅਮਲੀ ਤੌਰ 'ਤੇ ਕਰਨਾ ਸ਼ੁਰੂ ਕੀਤਾ। ਵੱਖ–ਵੱਖ ਪਿੰਡਾਂ, ਸ਼ਹਿਰਾਂ, ਇਲਾਕਿਆਂ, ਕਸਬਿਆਂ ਵਿੱਚ ਜਾ ਕੇ ਲੋਕਾਂ ਦੇ ਸਮਾਜਿਕ ਜੀਵਨ ਨੂੰ ਉੱਚਾ ਚੁੱਕਣ ਦੇ ਨਾਲ–ਨਾਲ ਇੱਕ ਅਕਾਲ ਪੁਰਖ ਦੇ ਨਾਮ ਨਾਲ ਜੋੜਨ ਦੇ ਵੀ ਵਿਸ਼ੇਸ਼ ਯਤਨ ਕਰਨੇ ਸ਼ੁਰੂ ਕੀਤੇ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ–


ਹੁੱਕੇ ਛਡਵਾਏ ਰਖਵਾਏ ਕੇਸ ਮੋਨਿਓਂ ਕੇ
ਸੁਧਾ ਛਕ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਿਓ ਜਸ ਭਾਰੀ ਸਿੱਖ ਥੀਏ ਤਾਹਿੰ ਕੇ ਅਪਾਰੀ
ਸਿੱਖ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਅਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜ ਥੀਏ ਸੰਤ ਸਤਿਜੁਗ ਆ ਗਿਓ।

ਮਾਨਸਿਕ ਤੇ ਸਰੀਰਕ ਗ਼ੁਲਾਮੀ ਭੋਗ ਰਹੇ ਭਾਰਤ ਵਾਸੀਆਂ ਨੂੰ ਆਜ਼ਾਦ ਕਰਨ ਲਈ ਵਿਸ਼ੇਸ਼ ਯਤਨ ਕਰਨੇ ਸ਼ੁਰੂ ਕੀਤੇ। ਥੋੜ੍ਹੇ ਜਿਹੇ ਸਮੇਂ ਵਿੱਚ ਉਨ੍ਹਾਂ ਲੱਖਾਂ ਗਿਣਤੀ 'ਚ ਲੋਕਾਂ ਨੂੰ ਬਰਤਾਨਵੀ ਬਸਤੀਵਾਦ ਦੇ ਖਿਲਾਫ਼ ਇਕੱਠਿਆਂ ਕੀਤਾ। ਆਪਣਾ ਸਾਰਾ ਹੀ ਜੀਵਨ ਲੋਕਾਈ ਦੇ ਲੇਖੇ ਲਾ ਦਿੱਤਾ।

ਜਿਸ ਦਿਨ ਗੁਰੂ ਰਾਮ ਸਿੰਘ ਜੀ ਨੂੰ ਸਤਿਗੁਰੂ ਬਾਲਕ ਸਿੰਘ ਜੀ ਤੋਂ ਗੁਰਤਾ–ਗੱਦੀ ਪ੍ਰਾਪਤ ਹੋਈ ਸੀ, ਉਹ ਦਿਨ ਵੀ ਅੱਸੂ ਦੀ ਸੰਗਰਾਂਦ ਦਾ ਦਿਨ ਸੀ ਭਾਵ ਅੱਸੂ ਦੀ 'ਪਹਿਲੀ ਤਾਰੀਖ਼'।

**– ਭਜਨ**


## ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਇਕ ਹੋਰੁ ਬੀ ਬਾਤ ਸਭਨਾ ਨੂ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਬੇਚੇ, ਨਾ ਬਟਾ ਕਰੇ। ਜੋ ਏਹੁ ਬਾਤ ਨਾ ਮੰਨੇ ਤਾ ਓਸ ਨੂ ਸੰਗਤ ਮੈ ਨਾ ਬੜਨ ਦੇਣਾ। ਜੇ ਨਾ ਮੰਨੇ ਤਾ ਆਖਣਾ ਫੇਰ ਨਾ ਆਈ। ਨਾ ਹਟੇ, ਜੁਤੀਆ ਮਾਰਕੇ ਕਢ ਦੇਣਾ, ਕੁਛ ਕਰਦਾ ਫਿਰੇ। ਸਗਮਾ ਤੁਸੀ ਬੀ ਕਾਲਾ ਸਿੰਘ ਜੋ ਏਥੇ ਲਿਖਾ ਹੈ, ਸੋ ਸਭ ਨੂ ਆਪਦੇ ਦੇਸ ਏਹੁ ਹੁਕਮ ਸੁਣਾ ਦੇਣਾ। ਜੇ ਨਾ ਮੰਨੇ ਤੁਸੀ ਬੀ ਏਮੇ ਕਰਨਾ। ਸਿਖ ਤਾ ਪਟੇ ਗਏ ਕੁੜੀਆ ਦੇ ਮਾਰਨੇ ਤੇ ਅਰੁ ਮਲੇਛਾ ਦਾ ਨਾਸ ਗਊਆ ਪਿਛੇ ਹੋਊ ਹੁਣ। ਪਿਛੇ ਬੀ ਹੋਆ ਹੈ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸਾਸਿ ਗਿਰਾਸਿ ਜਪਉ



ਐਥੇ (ਸਾਧ ਸੰਗਤ) ਵਿਚ ਆ ਕੇ ਵੀ ਜੇ ਨਾਮ ਨਹੀਂ ਜਪਦੇ, ਇੱਕ ਦੂਸਰੇ ਨੂੰ ਆਖਦੇ ਰਿਹਾ ਕਰੋ ਕਿ ਜੇ ਥਾਲੀ ਵਿਚ ਪ੍ਰਸ਼ਾਦਾ ਪਿਆ ਹੈ, ਹੁਣ ਵੀ ਤੂੰ ਨਹੀਂ ਛਕਦਾ ਤੇ ਕਿਹੜੇ ਵੇਲੇ ਰੋਟੀ ਖਾਏਂਗਾ। ਐਥੇ ਭਜਨ ਕਰਨ ਵਾਸਤੇ ਆਉਂਦੇ ਹੋ, ਗੱਲਾਂ ਨਾ ਕਰਿਆ ਕਰੋ, ਨਾਮ-ਸਿਮਰਨ ਕਰਿਆ ਕਰੋ। ਇੱਕ-ਦੂਸਰੇ ਨੂੰ ਆਖਿਆ ਕਰੋ ਕਿ ਤੇਰਾ ਐਸ ਵੇਲੇ ਮੂੰਹ ਵੇਹਲਾ ਹੈ, ਨਾਮ-ਸਿਮਰਨ ਕਰ। 'ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ'- ਸਾਹ ਨਾਲ ਵੀ ਅਤੇ ਜਦੋਂ ਪ੍ਰਸ਼ਾਦਾ ਛਕੋ, ਉਹਦੇ ਨਾਲ ਵੀ ਤੁਹਾਡਾ ਨਾਮ ਸਿਮਰਨ ਹੋਣਾ ਚਾਹੀਦਾ ਹੈ। ਇਹ ਬਹੁਤ ਜ਼ਰੂਰੀ ਗੱਲ ਹੈ ਕਿ ਸਤਿਗੁਰਾਂ ਦੇ ਜਿਹੜੇ ਹੁਕਮ ਨੇ, ਉਨ੍ਹਾਂ 'ਤੇ ਚੱਲ ਕੇ ਹੀ ਅਸੀਂ ਆਪਣੀ ਜੀਵਨ ਯਾਤਰਾ ਨੂੰ ਸਫ਼ਲ ਕਰ ਸਕਦੇ ਹਾਂ।

# ਸਤਿਗੁਰੂ ਬਿਲਾਸ ਭਾਗ-1 ਵਿਚੋਂ

**ਸੰਤੋਖ ਸਿੰਘ ਬਾਹੋਵਾਲ**

**ਹਜ਼ਰੋਂ ਸਾਹਿਬ ਗਏ–** ਹਜ਼ਰੋਂ ਸਾਹਿਬ ਮੈ ਸਿੱਖਾ ਨੂੰ ਗੁਰੂ ਬਾਲਕ ਸਿੰਘ ਜੀ ਬਚਨ ਕਰਨਾ ਅਸੀਂ ਤਾਂ ਰਾਖੇ ਬੈਠੇ ਹੈਂ। ਠਾਕੁਰ ਜੀ ਜਾਮਾ ਧਾਰ ਬੈਠੇ ਹੈਂ, ਅਸੀਂ ਤਾਂ ਓਹਨਾਂ ਕੀ ਓਰ ਦੇਖਦੇ ਹੈਂ ਕਦ ਔਣਗੇ? ਏਧਰੋਂ ਲਾਹੌਰ ਮੈ ਸ੍ਰੀ ਸਤਿਗੁਰੂ ਜੀ ਚੋਜ ਕਰਦੇ ਹੈਂ।

ਨੌਨਿਹਾਲ ਸਿੰਘ ਵਾਲੀ ਫ਼ੌਜ ਨੂੰ ਹੁਕਮ ਹੋਇਆ ਕਿ ਪਸ਼ੌਰ ਸੇ ਖਜ਼ਾਨਾ ਲੈ ਆਓ। ਫ਼ੌਜ ਤੁਰੀ ਪਸ਼ੌਰ ਕੋ। ਧੁਮਾਂ ਪੈ ਗਈਆਂ ਕਿ ਲੁਟ ਮਾਰ ਕਰਦੇ ਆਉਂਦੇ ਹੈਂ ਖਾਲਸਾ ਜੀ। ਸ੍ਰੀ ਹਜ਼ਰੋਂ ਜੀ ਕੇ ਲੋਕਾਂ ਨੇ ਅਰਜ ਕੀਤੀ ਗੁਰੂ ਬਾਲਕ ਸਿੰਘ ਜੀ ਪਾਸ ਫ਼ੌਜ ਲੁਟ ਮਾਰ ਕਰਦੀ ਆਉਂਦੀ ਹੈ ਸਾਡਾ ਕੀ ਹਾਲ ਥੀਸੀ। ਗੁਰੂ ਯ੍ਹਾਰਵੇਂ ਜੀ ਬਚਨ ਕੀਤਾ ਏਥੇ ਆਇਕੇ ਨਾ ਲੁਟਸਨ। ਉਰਾਰ ਬੌਲੀ ਹੈ (ਹਜ਼ਰੋਂ ਤੋਂ ਚਾਰ ਮੀਲ ਉਰੇ ਹੈ ਦੱਖਣ ਤੇ ਲਹਿੰਦੇ ਦੀ ਗੁਠ ਵਿੱਚ) ਤਿਸ ਜਗ੍ਹਾ ਫ਼ੌਜ ਜਾਏ ਉੱਤਰੀ। ਓਧਰ ਸੇ ਪਸ਼ੌਰ ਕੀ ਫ਼ੌਜ ਭੀ ਆਇ ਗਈ ਖਜ਼ਾਨਾ ਲੈ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਲੀ ਫ਼ੌਜ ਹਜ਼ਰੋਂ ਵਾਲੇ ਕਿਲੇ ਮੈ ਆਇ ਰਹੀ।

ਗੁਰੂ ਬਾਲਕ ਸਿੰਘ ਜੀ ਉਸ ਸਮੇਂ ਕਥਾ ਕਰਦੇ ਹੁੰਦੇ ਸੀ। ਸਾਰੇ ਖ਼ਬਰਾਂ ਸੀਆਂ ਕਿ ਹਜ਼ਰੋਂ ਮੈ ਸੰਤ ਅਵਤਾਰ ਧਾਰ ਕੇ ਸਾਂਤਗੀ ਵਰਤਾਉਂਦੇ ਹੈਂ। ਸੁਣਕੇ ਸੋਇ ਗੁਰੂ ਜੀ ਕੀ ਬਾਬਾ ਜਮੀਤ ਸਿੰਘ ਫ਼ੌਜ ਵਿੱਚੋਂ ਪਹਿਲੇ ਗਿਆ। ਦਰਸ਼ਨ ਜਾਇ ਕੀਤਾ ਗੁਰੂ ਬਾਲਕ ਸਿੰਘ ਜੀ ਕਾ। ਸੀਸ ਨਿਵਾਇਆ, ਫ਼ਤੇ ਬੁਲਾਈ। ਗੁਰੂ ਬਾਲਕ ਸਿੰਘ ਜੀ ਅੰਤਰਜਾਮੀ 'ਸੋਹੰ' ਕਾ ਅਰਥ ਕਰਨ ਲੱਗੇ ਹੈਂ "ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ।" 'ਸੋਹੰ' ਸ਼ਬਦ ਸਤਿਜੁਗ ਦੁਆਪਰ ਤ੍ਰੇਤਾ ਕਾ ਹੈ। ਕਲਿਜੁਗ ਕਾ 'ਚਾਰ ਅੱਖਰਾ' ਭਜਨ ਹੈ। ਕਲਿਜੁਗ ਮੈ 'ਚਾਰ ਅੱਖਰ' ਮੇਂ ਸੱਤਾ ਹੈ। ਏਸ ਜੁਗ ਕਾ ਧਰਮ ਹੈ। 'ਚਾਰ ਅੱਖਰ' ਥੀਂ ਬਿਨਾ ਐਸੇ ਹੈ ਜੈਸੇ ਤੋਹ ਕੁਟਣੇ ਹੈਂ। 'ਸੋਹੰ' ਜਪਨੇ ਵਾਲੇ ਸਭ ਤੋਹ ਕੁਟਦੇ ਹੈਂ। ਜਮੀਤ ਸਿੰਘ ਵੀ 'ਸੋਹੰ' ਦਾ ਜਾਪ ਜਪਦਾ ਹੁੰਦਾ ਸੀ। ਸੁਣਕੇ ਅਰਥ 'ਸੋਹੰ' ਸੇ ਨਿਸਚਾ ਦੂਰ ਹੋਇਆ। 'ਚਾਰ ਅੱਖਰਾ' ਭਜਨ ਲੈ ਲਿਆ। ਭਜਨ ਪਰ ਨਿਸਚਾ ਹੋਇਆ। ਭਜਨ ਦੇ ਕੇ ਗੁਰੂ ਜੀ ਬਚਨ ਕੀਤਾ ਗੁਪਤ ਹੀ ਜਪਣਾ ਤੇ ਗੁਪਤ ਹੀ ਰੱਖਣਾ। ਸੁਣਦੇ ਸਾਰ ਹੀ ਬਿਰਤੀ ਟਿਕੀ ਜੇਹੜੀ ਡੋਲਦੀ ਸੀ।

ਫੇਰ ਫ਼ੌਜ ਮੈਂ ਆਇਕੇ ਬਾਬੇ ਜਮੀਤ ਸਿੰਘ ਨੇ ਸ੍ਰੀ ਸਤਿਗੁਰ ਜੀ ਕੋ ਕਹਿਆ ਮੈਂ ਤਾਂ ਭਜਨ ਲੈ ਆਇਆ ਹਾਂ। ਗੁਰੂ ਬਾਲਕ ਸਿੰਘ ਜੀ ਸੰਤ ਅਵਤਾਰ ਹੈਨ। ਦਰਸ਼ਨ ਕਰਨੇ ਸੇ ਭੀ ਸ਼ਾਂਤ ਆਈ ਪਰ ਜਦ ਭਜਨ ਲਿਆ ਉਸੀ ਵਕਤ ਸਰੀਰ ਕੀ ਤਾਸੀਰ ਹੀ ਬਦਲ ਗਈ। ਗੁਰੂ ਜੀ 'ਸੋਹੰ' ਕਾ ਅਰਥ ਕੀਤਾ ਹੈ। ਪਿਛਲੇ ਤਿੰਨਾਂ ਜੁਗਾਂ ਕਾ ਧਰਮ ਹੈ। ਬਚਨ ਕਰਦੇ ਹੈਂ ਜੋ 'ਸੋਹੰ' ਕੇ ਜਪਨੇ ਵਾਲੇ ਹੈਂ ਸਭ ਤੋਹ ਕੁਟਦੇ ਹੈਨ। ਕਲਿਜੁਗ ਕਾ ਏਹ ਭਜਨ ਹੈ ਜੇਹੜਾ ਦਿੱਤਾ ਹੈ 'ਚਾਰ ਅੱਖਰ' ਕਾ। ਸੁਣਦੇ ਸਾਰ ਆਤਮੇ ਨੂੰ ਸ਼ਾਂਤ ਆਇ ਜਾਂਦੀ ਹੈ। ਹੋਰ ਸਿੰਘ ਭੀ ਜਾਣੇ ਲਗੇ। ਜੇਹੜਾ ਜਾਵੇ ਸੋਈ ਮੋਹਿਆ ਜਾਵੇ ਦਰਸ਼ਨ ਕਰਕੇ। ਅਰਥ ਸੁਣਕੇ ਪ੍ਰੇਰਨਾ ਹੋਣੀ, ਭਜਨ ਮੰਗ ਕੇ ਲੈਣਾ। ਜਾਂ ਭਜਨ ਸੁਣਨਾ ਤਾਂ ਸ਼ਾਂਤ ਆਇ ਜਾਣੀ। ਬਿਰਤੀ ਭਜਨ ਵੱਲੇ ਲੱਗ ਜਾਣੀ। ਕਈਆਂ ਨੇ ਭਜਨ ਸੁਣ ਲਿਆ, ਦੇਉਤਾ ਰੂਪ ਹੋਏ। ਜੇਹੜੇ ਹੋਰ 'ਸੋਹੰ' ਜਪਣ ਵਾਲੇ ਹੈਂ ਉਹਨਾਂ ਨੂੰ ਭਜਨ ਕਰਨ ਵਾਲੇ ਹੱਸਦੇ ਹੈਂ ਤੁਸੀ ਤੋਹ ਕੁਟਦੇ ਹੋ ਤੇ ਅਸੀਂ ਜੋ ਕਲਜੁਗ ਕਾ ਭਜਨ ਹੈ ਸੋ ਕਰਦੇ ਹਾਂ। ਇਸੀ ਤਰ੍ਹਾਂ ਸੌ ਡੇਢ ਸੌ ਸਿੰਘਾਂ ਨੇ ਭਜਨ ਲੈ ਲਿਆ।

**ਗੁਰਤਾ ਪ੍ਰਾਪਤੀ–** ਇੱਕ ਦਿੱਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭੀ ਗਏ ਜਿੱਥੇ ਗੁਰੂ ਬਾਲਕ ਸਿੰਘ ਜੀ ਅਰਥ ਕਰਦੇ ਹੈਂ ਗ੍ਰੰਥ ਸਾਹਿਬ ਜੀ ਵਿੱਚੋਂ। ਸ਼ਬਦ ਸੀ–

"ਠਾਕੁਰ ਤੁਮ ਸਰਣਾਈ ਆਇਆ॥
ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ॥ "

ਸ੍ਰੀ ਸਤਿਗੁਰੂ ਜੀ ਸੀਸ ਨਿਵਾਇਕੇ ਬੈਠ ਕੇ ਬਚਨ ਕੀਤਾ ਜੀ ਮੈਨੂੰ ਭੀ ਭਜਨ ਦਿਓ। ਗੁਰੂ ਬਾਲਕ ਸਿੰਘ ਜੀ ਪ੍ਰਸੰਨ ਹੋਇਕੇ ਬਚਨ ਕੀਤਾ ਆਓ ਠਾਕੁਰ ਜੀ, ਤੁਹਾਨੂੰ ਉਡੀਕਦੇ ਸੇ। ਤੁਹਾਡੇ ਮੰਗਵਾਉਣ ਵਾਸਤੇ ਹੀ ਏਤਨੀ ਫ਼ੌਜ ਨੂੰ ਭਜਨ ਦਿੱਤਾ ਹੈ। ਹੁਣ ਨਹੀਂ ਫ਼ੌਜ ਕਾ ਕੋਈ ਭੀ ਸਾਡੇ ਪਾਸੋਂ ਭਜਨ ਪੁੱਛੇਗਾ। ਹੁਣ ਤੁਸੀਂ ਆਇ ਗਏ ਹੋ। ਸਾਡੇ ਮਨ ਕਾ ਸੰਕਲਪ ਪੂਰਾ ਹੋਇਆ ਹੈ। ਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਕੋ ਭਜਨ ਦਿੱਤਾ। ਬਚਨ ਕੀਤਾ ਗੁਪਤ ਹੀ ਕੰਨ ਮੇਂ ਦੱਸਣਾ, ਗੁਪਤ ਹੀ ਰੱਖਣਾ, ਗੁਪਤ ਹੀ ਜਪਣਾ। ਉੱਚੀ ਦੱਸੇ ਤੇ ਨਿਹਫਲ ਹੋਇ ਜਾਂਦਾ ਹੈ। ਗੁਰੂ ਜੀ ਬਚਨ ਕੀਤਾ ਠਾਕੁਰੋ ਅਸੀਂ ਤਾਂ ਰਾਖੇ ਈ ਬੈਠੇ ਹਾਂ, ਤੁਹਾਨੂੰ ਉਡੀਕਦੇ ਸੇ। ਸੋ ਤੁਸੀਂ ਆਇ ਗਏ ਹੋ। ਏਓ ਨਾਮ ਕਾ ਗੱਫਾ ਤੁਸੀਂ ਹੀ ਵਰਤਾਵਣਾ ਹੈ। ਨਾਮ ਦੇ ਖਜ਼ਾਨੇ ਨੂੰ ਕੁੰਜੀ ਤੁਸੀਂ ਹੀ ਲਾਵਣੀ ਹੈ। ਏਹ ਕੜਛਾ ਤੁਸਾਂ ਦੇ ਹੱਥੋਂ ਈ ਵਰਤਣਾ ਹੈ। ਨਾਮ ਕਾ ਗੱਫਾ ਲੈਕੇ ਪਦਾਰਥ ਰੱਖ ਛਡੀਏ ਤਾਂ ਰਸ ਦੀ ਕੁਛ ਖ਼ਵਰ ਨਹੀਂ ਹੈ। ਕਲੂਕਾਲ ਮੈ ਨਾਮ ਹੀ ਮੁਖ ਹੈ। ਰਸਨਾ ਕਰਕੇ ਜਪੇ ਤਾਂ ਮਹਾਤਮ ਹੈ।

ਗੁਰੂ ਯਾਰਵੇਂ ਜੀ ਬਚਨ ਕੀਤਾ ਕਿਸੇ ਕੀ ਪੂਜਾ ਨਹੀਂ ਲੈਣੀ। ਬਿਨਾ ਭਜਨ ਵਾਲੇ ਦੇ ਹੱਥ ਦਾ ਨਹੀਂ ਛਕਣਾ ਪਰਸਾਦ। ਪਰਾਏ ਹੱਕ ਵੱਨੇ ਨਿਗਾਹ ਨਹੀਂ ਕਰਨੀ। ਪਤਾਸਿਆਂ ਦਾ ਬੁਕ ਭਰਕੇ ਸਤਿਗੁਰੂ ਰਾਮ ਸਿੰਘ ਜੀ ਦੀ ਝੋਲੀ ਵਿੱਚ ਪਾਇਆ ਤੇ ਓਸੇ ਵੇਲੇ ਗੁਰੂ ਬਾਲਕ ਸਿੰਘ ਜੀ ਨੇ ਪੰਜ ਪੈਸੇ ਤੇ ਨਾਲਯੇਰ ਮੰਗਾਇਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਅੱਗੇ ਰੱਖ ਕੇ ਪਾਂਚ ਪ੍ਰਕਰਮਾਂ ਕਰਕੇ ਨਮਸਕਾਰ ਕਰ ਦਿੱਤੀ। ਬਚਨ ਕੀਤਾ– ਠਾਕੁਰ ਜੀ ਏਹ ਤੁਹਾਡੀ ਵਸਤ ਸੀ, ਤੁਹਾਨੂੰ ਹੀ ਸੌਂਪ ਦਿੱਤੀ ਹੈ, ਅਸੀਂ ਤਾਂ ਅੱਜ ਤੀਕ ਤੁਹਾਡੀ ਉਡੀਕ ਵਿੱਚ ਰਾਖੀ ਕੀਤੀ ਹੈ। ਇਸ 'ਨਾਮ' ਨੂੰ ਜੇ ਤੁਸੀਂ ਪੱਥਰ ਤੇ ਭੀ ਸੁੱਟੋਗੇ ਤਾਂ ਓਥੇ ਬੀ ਉੱਗੇਗਾ। ਸਾਰੇ ਸੰਸਾਰ ਵਿੱਚ ਆਪ ਜੀ ਕਾ ਜੈ ਜੈ ਕਾਰ ਹੋਵੇਗਾ। ਆਪ ਜੀ ਦੇ ਸੌਹੇਂ ਕੋਈ ਦਮ ਨਹੀਂ ਮਾਰ ਸਕੇਗਾ। ਬਚਨ ਕੀਤਾ ਜਿਸਕੀ ਵਸਤ ਸੀ ਤਿਸ ਸਾਂਭ ਲਈ ਹੈ। ਫੇਰ ਬਚਨ ਕੀਤਾ ਠਾਕੁਰੋ ਹੁਣ ਤੁਸੀਂ ਬਰਤਾਵੋ ਨਾਮ ਦਾ ਕੜਛਾ, ਆਪਣੇ ਹੱਥੀਂ ਕੁੰਜੀ ਲਾਵੋ। ਨਾਮ ਕਾ ਗੱਫਾ ਹੁਣ ਤੁਸੀਂ ਓਧਰੇ ਹੀ ਵਰਤਾਇਆ ਕਰੋ। ਏਧਰ ਏਡੀ ਦੂਰ ਆਣਕੇ ਦੁਖੀ ਹੁੰਦੇ ਹੈਂ। ਤੁਹਾਡੀ ਚੀਜ਼ ਹੈ, ਵਰਤਾਵਣ ਦਾ ਹੁਕਮ ਤੁਹਾਨੂੰ ਹੀ ਹੈ। ਠਾਕੁਰੋ ਹੁਣ ਤੁਸੀਂ ਪਰਗਟ ਹੋਵੋ, ਛਪੋ ਨਾ, ਨਾਮ ਜਪਾਵੋ। ਹੁਣ ਠਾਕੁਰੋ ਤੁਹਾਡਾ ਛਪਣਾ ਨਹੀਂ ਬਣਦਾ।

ਸਾਰੀ ਸੰਗਤ ਹਜ਼ਰੋਂ ਦੀ ਕੋ ਬਚਨ ਕੀਤਾ ਸਾਡੇ ਕੋਲ ਜੋ ਗੱਫਾ ਸੀ ਸੋ ਅਸਾਂ ਏਨ੍ਹਾਂ ਨੂੰ ਦੇ ਦਿੱਤਾ ਹੈ। ਹੁਣ ਗੁਰੂ ਏਹੋ ਹੈਂ। ਉਦੇ ਅਸਤ ਲੌ ਨਾਮ ਜਪਾਵਣਗੇ। ਸਾਰੀ ਸੰਗਤ ਗੁਰੂ ਯਾਰਵੇਂ ਜੀ ਬਾਰਵੇਂ ਗੁਰੂ ਜੀ ਕੀ ਚਰਨੀਂ ਲਾਈ। ਪ੍ਰਗਟ ਕਰ ਦੀਏ। ਗੁਰਿਆਈ ਕਾ ਤਿਲਕ ਦੀਆ। ਫੇਰ ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਨਾਮ ਕਾ ਰਸ ਤਾਂ ਆਉਂਦਾ ਹੈ ਜੇਕਰ ਕਿਸੇ ਕੀ ਅੰਸ ਨਾ ਖਾਏ। ਜੇ ਕਿਸੇ ਸਿੱਖ ਦੇ ਜਾਏ ਤਾਂ ਆਪਣਾ ਖਰਚਾ ਲੈ ਜਾਵੇ। ਪ੍ਰਸ਼ਾਦਾ ਲੂਣ ਨਾਲ ਅੱਠੀਂ ਪਹਿਰੀਂ ਭਾਵੇਂ ਛਕੇ, ਸਿਆਲ ਉਨ ਕੀ ਟਾਕੀ ਨਾਲ ਕੱਟ ਲਵੇ। ਹੁਨਾਲ ਕਪੜੇ ਦੀ ਟਾਕੀ ਨਾਲ ਕੱਟ ਲਵੇ। ਬੇ-ਰਸ ਹੋ ਕਰ ਰਹੇ ਤਾਂ ਨਾਮ ਕਾ ਰਸ ਔਂਦਾ ਹੈ। ਸ੍ਰੀ ਸਤਿਗੁਰੂ ਜੀ ਫ਼ੌਜ ਮੈ ਆਇ ਗਏ।

..................................................

# ਸਿੱਖ ਅਤੇ ਸਿੰਘ

**ਸਿਰਦਾਰ ਕਪੂਰ ਸਿੰਘ ਆਈ.ਸੀ.ਐਸ**
**(ਅਨੁ. ਡਾ. ਹਰਪਾਲ ਸਿੰਘ ਪੰਨੂ)**

ਆਮ ਮਨੌਤ ਇਹ ਹੈ ਕਿ ਗੁਰੂ ਨਾਨਕ ਦੇਵ ਨੇ ਆਪਣੇ ਆਪ ਨੂੰ ਗੁਰੂ ਕਿਹਾ, ਯਾਨੀ ਕਿ ਅਧਿਆਪਕ, ਉਸ ਦੇ ਮੁਰੀਦ ਸਿੱਖ ਅਖਵਾਏ ਜਾਂ ਕਹੋ ਵਿਦਿਆਰਥੀ।[1] ਸਿੱਖ (ਸੰਸਕ੍ਰਿਤ, ਸ਼ਿਸ਼) ਮਾਇਨੇ ਚੇਲਾ।[2] ਪਹਿਲੋਂ ਦੱਸਿਆ ਜਾ ਚੁੱਕਾ ਹੈ ਕਿ ਹਿੰਦੂ ਫਲਸਫੇ ਵਿੱਚ ਅਤੇ ਪੁਰਾਤਨ ਭਾਰਤੀ ਧਰਮ ਚਿੰਤਨ ਵਿੱਚ ਗੁਰੂ ਦਾ ਸੰਬੰਧ ਬੜਾ ਜਟਿਲ ਹੈ। ਮਨੁੱਖਤਾ ਦੀ ਹਿੰਦੂ ਦਾਰਸ਼ਨਿਕ ਪਰੰਪਰਾ ਵਿੱਚ ਗੁਰੂ ਦੀ ਪਦਵੀ ਤੱਤ ਗਿਆਨ ਪਖੋਂ ਬਹੁਤ ਸ੍ਰੇਸ਼ਟ ਹੈ। ਪੁਰਾਤਨ ਹਿੰਦੂ ਗ੍ਰੰਥਾਂ ਵਿੱਚ ਗੁਰੂ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ, ਸ੍ਰਿਸ਼ਟੀ ਨੂੰ ਥੰਮ੍ਹਣ, ਚਲਾਉਣ ਵਾਲਾ ਵਿਸ਼ਨੂ ਅਤੇ ਵਿਨਾਸ਼ ਕਾਰਨ ਵਾਲਾ ਮਹੇਸ਼ਵਰ ਕਿਹਾ ਗਿਆ। ਗੁਰੂ, ਪ੍ਰਤੱਖ ਇਕ, ਕੇਵਲ ਇਕ ਪਰਮੇਸ਼ਰ ਹੈ, ਜੋ ਸਾਰੀ ਮਨੁੱਖਤਾ ਦੀ ਨਿਸ਼ਠਾ ਅਤੇ ਆਰਾਧਨਾ ਪ੍ਰਾਪਤ ਕਰਨ ਦਾ ਹੱਕਦਾਰ ਹੈ।[3] ਗੁਰੂ ਧਰਤੀ ਹੈ, ਧਰਤੀ ਉਪਰਲਾ ਵਿਧਾਨ ਹੈ, ਮਨੁੱਖ ਆਪੋ ਆਪਣਾ ਫਲ ਪ੍ਰਾਪਤ ਕਰਦੇ ਹਨ।[4] ਗੁਰੂ ਅਥਾਹ ਸਮੁੰਦਰ ਹੈ[5] ਜਿਸ ਵਿਚੋਂ ਸਾਰਾ ਪ੍ਰਪੰਚ ਪ੍ਰਗਟ ਹੁੰਦਾ ਹੈ। ਗੁਰੂ ਵਹਿੰਦੇ ਹੋਏ ਜੀਵਨ ਦਾ ਦਰਿਆ ਹੈ, ਜੋ ਉਤਪਤੀ ਕਰਦਾ ਹੈ, ਜੀਵਨ ਨੂੰ ਤਾਜ਼ਗੀ ਦਿੰਦਾ ਹੈ, ਨਿਰਮਲਤਾ ਦਿੰਦਾ ਹੈ ਅਤੇ ਕਾਇਮ ਰੱਖਦਾ ਹੈ।[6] ਇਉਂ ਗੁਰ-ਪਦਵੀ ਦਾ ਹੱਕਦਾਰ ਹੋਣਾ ਕੋਈ ਮਾਮੂਲੀ ਕਾਰਜ ਨਹੀਂ, ਜੋ ਗੁਰੂ ਨਾਨਕ ਦੇਵ ਨੇ ਕੀਤਾ ਭਾਵੇਂ ਕਿ ਆਪਣੇ-ਆਪ ਬਾਰੇ ਜਿਹੜੇ ਕਥਨ ਉਨ੍ਹਾਂ ਕੀਤੇ ਉਹ ਬਹੁਤ ਨਿਮਰ, ਹਲੀਮੀ ਵਾਲੇ ਹਨ। ਧਰਮੀ ਬੰਦਾ, ਨੇਕ ਬੰਦਾ ਨਿਮਰ ਹੋਵੇ, ਇਹ ਉਨ੍ਹਾਂ ਨੇ ਪਰਚਾਰਿਆ ਅਤੇ ਆਪਣੇ ਆਪਨੂੰ ਆਮ ਆਦਮੀ ਕਿਹਾ।

ਹਉ ਵਾਢੀ ਕਾ ਨੀਚ ਜਾਤਿ
ਹੋਰਿ ਉਤਮ ਜਾਤਿ ਸਦਾਇਦੇ ॥[7]
ਕਹੁ ਨਾਨਕ ਹਮ ਨੀਚ ਕਰੰਮਾ ॥
ਸਰਣਿ ਪਰੇ ਕੀ ਰਾਖਹੁ ਸਰਮਾ ॥[8]
ਨਾ ਹਉ ਜਤੀ ਸਤੀ ਨਹੀ ਪੜਿਆ
ਮੂਰਖ ਮੁਗਧਾ ਜਨਮੁ ਭਇਆ ॥[9]
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥[10]
ਜੇ ਲੋੜਹਿ ਚੰਗਾ ਆਪਣਾ
ਕਰਿ ਪੁੰਨਹੁ ਨੀਚੁ ਸਦਾਈਐ ॥[11]

ਗੁਰੂ ਕਾਠ ਮਾਰੇ ਮੁਰਦਾ ਤੱਥਾਂ ਦਾ ਅਧਿਆਪਕ ਨਹੀਂ ਹੁੰਦਾ ਤੇ ਜਿਨ੍ਹਾਂ ਨੂੰ ਉਹ ਪੁਨਰ ਸੁਰਜੀਤ ਕਰਦਾ ਹੈ, ਸੰਸਕ੍ਰਿਤ ਦੇ ਸ਼ਬਦ, ਮਹਿਜ਼ ਸ਼ਿਸ਼ਯ ਨਹੀਂ ਹੁੰਦੇ, ਚੇਲੇ ਚਾਟੜੇ ਨਹੀਂ ਹੁੰਦੇ। ਆਪਣੇ ਅੰਤਹਕਰਣ ਦੇ ਜਾਗਰਣ ਸਦਕਾ ਉਹ ਬਾਕੀ ਮਨੁੱਖਤਾ ਤੋਂ ਅਲਹਿਦਾ ਵਰਗ ਹੈ, ਇਕ ਆਮ ਅਧਿਆਪਕ ਨਾਲ ਉਨ੍ਹਾਂ ਦਾ ਸੰਜੋਗ ਨਹੀਂ ਬਣਿਆ। ਰੁਦਰਯਮਲਤੰਤ ਅਨੁਸਾਰ, "ਜੋ ਮਹਿਜ਼ ਪੜ੍ਹਾਏ ਤੇ ਪ੍ਰਚਾਰ ਕਰੇ ਗੁਰੂ ਨਹੀਂ, ਉਹ ਆਪਣੇ ਸਿੱਖ ਨੂੰ ਦੈਵੀ ਅਨੁਭਵ ਬਖਸ਼ ਕੇ ਆਪਣੇ ਜਿੰਨਾ ਉਚਾ ਲੈ ਜਾਂਦਾ ਹੈ। ਸਵਯੰਚਰਤੇ ਸ਼ਿਸ਼ਯਮਾਚਾਰੇ ਸਥਾਪਯਾਪੀ।"[12]

ਜਿਵੇਂ ਆਮ ਖਿਆਲ ਹੈ, ਸਿੱਖ ਸੰਸਕ੍ਰਿਤ ਸ਼ਬਦ ਸ਼ਿਸ਼ ਦਾ ਵਿਗੜਿਆ ਰੂਪ ਨਹੀਂ, ਪਾਲੀ ਧਮਪਦ ਵਿਚ ਇਹ ਤਕਨੀਕੀ ਟਰਮ ਹੈ, ਜਿਸ ਬਾਰੇ ਸਾਫ਼ ਪਰਿਭਾਸ਼ਾ ਅਤੇ ਹਦਾਇਤ ਦਿੱਤੀ ਹੋਈ ਹੈ। ਪਾਣਿਨੀ ਜਾਂ ਉਸਦੇ ਉਤਰਾਧਿਕਾਰੀਆਂ ਪੁਰਤਾਨ ਤੇ ਮੂਲ ਪਾਲੀ ਸ਼ਬਦ ਸਿੱਖ ਦਾ ਨਕਲੀ ਰੂਪ ਸ਼ਿਸ਼ ਬਣਾ ਲਿਆ, ਸ਼ਿਸ਼ ਨਾਲੋਂ ਸਿੱਖ ਵਧੀਕ ਵਜ਼ਨਦਾਰ ਹੈ। ਸਿੱਖ ਨੂੰ ਸ਼ਿਸ਼ ਦੇ ਹਵਾਲੇ ਨਾਲ ਪਰਿਭਾਸ਼ਿਤ ਕਰਨਾ ਇੰਨੀ ਗੰਭੀਰ ਗਲਤੀ ਹੈ, ਜਿੰਨੀ ਗੁਰੂ ਨਾਨਕ ਨੂੰ ਅਧਿਆਪਕ ਸਮਝਣਾ ਤੇ ਉਨ੍ਹਾਂ ਕੋਲ ਪੜ੍ਹਦੇ ਵਿਦਿਆਰਥੀਆਂ ਨੂੰ ਚੇਲੇ ਕਹਿਣਾ।

-ਜਿਹੜੇ ਰਸਤੇ ਦੁੱਖ ਅਤੇ ਬਦੀ ਭਰਪੂਰ ਹਨ, ਉਨ੍ਹਾਂ 'ਤੇ ਚਲਦਿਆਂ ਜੀਵਨ ਸੰਗਰਾਮ ਕੌਣ ਵਿਜਈ ਹੋਏਗਾ ?

- ਜੀਵਨ ਵਿਚ ਅਮਰਾਪਦ ਕੌਣ ਪ੍ਰਾਪਤ ਕਰੇਗਾ?

- ਧਰਤੀ ਉੱਪਰ ਜੀਵਨ ਦੇ ਫੁੱਲ ਕੌਣ ਸਿੰਜੇਗਾ?[12ੳ]

ਇਹ ਧਮਪਦ ਵੱਲੋਂ ਪੁਛੇ ਗਏ ਸਵਾਲ ਹਨ। ਇਨ੍ਹਾਂ ਦੂਰ-ਰਸ ਬੁਨਿਆਦੀ ਸਵਾਲਾਂ ਦਾ ਜਵਾਬ ਅਗਲੀ ਪਉੜੀ ਵਿੱਚ ਦਿਤਾ ਹੈ-

-ਜੀਵਨ ਸੰਗਰਾਮ ਵਿਚ ਸਿੱਖ ਵਿਜੇਤਾ ਹੋਵੇਗਾ।

-ਸੰਗੀਨ ਤੇ ਤਵੀਲ ਰਸਤਿਆਂ ਉਪਰ ਸਿੱਖ ਤੁਰੇਗਾ।

-ਅਮਰਾਪਦ ਹਾਸਲ ਕਰਨ ਵਾਲਾ ਸਿੱਖ ਹੋਵੇਗਾ।

-ਧਰਤੀ ਉਪਰ ਜੀਵਨ ਦੇ ਫੁੱਲ ਸਿੱਖ ਸਿੰਜੇਗਾ।[13]

ਬੋਧੀ ਵਾਸਤੇ ਧੰਮ, Lex Aeterna[14] ਹੈ, ਸਤਿ[15]

ਦਾ ਸਮਾਨਾਰਥਕ ਹੈ।

ਗੁਰਮਤਿ ਇਸ ਸਿਧਾਂਤ ਦਾ ਸਮਰਥਨ ਕਰਦਾ ਹੈ। ਧਰਮ ਇਕ ਹੈ ਅਤੇ ਸਭ ਲਈ ਹੈ, ਇਹ ਸਤਿ ਹੈ।[16] ਇਹ ਉਹ ਅਕਾਲੀ, ਲੌਕਿਕ, ਅਲੌਕਿਕ, ਵਿਆਪਕ ਨਿਯਮ ਹੈ, ਜੋ ਬੁੱਧ ਨਾਲ ਸਮਰੂਪ ਹੈ। "ਜੋ ਮੈਨੂੰ ਦੇਖਦਾ ਹੈ ਉਹ ਧੱਮ ਦੇਖਦਾ ਹੈ, ਜੋ ਧੱਮ ਦੇਖਦਾ ਹੈ ਉਹ ਮੈਨੂੰ ਦੇਖਦਾ ਹੈ।"[17] ਗੁਰੂ ਗ੍ਰੰਥ ਵਿਚ ਇਹ ਸਿਧਾਂਤ ਸਪੱਸ਼ਟ ਬਿਆਨ ਕੀਤਾ ਹੋਇਆ ਹੈ। ਜਿਹੜਾ ਮਨੁੱਖ ਇਸ ਸਤਿ ਨੂੰ ਪ੍ਰਣਾਇਆ ਹੋਇਆ ਹੈ, ਉਹ ਸਿੱਖ ਹੈ। ਜਿਹੜਾ ਗੁਰੂ ਨੇ ਸਤਿ ਦਾ ਮਹਿਲ ਉਸਾਰਿਆ, ਉਸ ਵੱਲ ਯਾਤਰਾ ਕਰਨ ਜਾ ਰਿਹਾ ਮਨੁੱਖ ਸਿੱਖ ਹੈ।

ਮੈਂ ਬਧੀ ਸਚੁ ਧਰਮ ਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥[18]

ਮੂਲ ਭਾਵਨਾ ਵਿੱਚ ਸ਼ਬਦ ਸਿੱਖ ਜਿਵੇਂ ਸਮਝਿਆ ਜਾਂਦਾ ਹੈ ਅਤੇ ਜਿਵੇਂ ਸਿੱਖ ਗ੍ਰੰਥਾਂ ਅਤੇ ਪਰੰਪਰਾ ਵਿਚ ਸਮਝਿਆ ਗਿਆ ਉਸਦਾ ਮਤਲਬ ਉਹ ਵਿਅਕਤੀ ਹੈ, ਜੋ ਦੁਨੀਆਂ ਦੀ ਹਰੇਕ ਵਸਤੂ ਤੋਂ ਵਧੀਕ ਮੁੱਲਵਾਨ ਸਤਿ ਨੂੰ ਸਮਝਦਾ ਹੈ ਤੇ ਸਤਿ ਲਈ ਪ੍ਰਤੀਬੱਧਤਾ ਸਦਕਾ ਜੀਵਨ ਲੇਖੇ ਲਾ ਦਿੰਦਾ ਹੈ। ਜਿਹੜੇ ਗੁਰੂ ਦੀਆਂ ਸਿਖਿਆਵਾਂ 'ਤੇ ਅਮਲ ਕਰਦੇ ਹਨ, ਇਸ ਸ਼੍ਰੇਣੀ ਵਿਚ ਆਉਂਦੇ ਹਨ, ਇਸ ਕਰਕੇ ਸਿੱਖ ਅਖਵਾਉਣ ਦੇ ਸਹੀ ਹੱਕਦਾਰ ਹਨ।

ਸਿੱਖ ਜਦੋਂ ਖਾਲਸਾ ਪੰਥ ਵਿੱਚ ਸ਼ਾਮਲ ਹੋ ਜਾਂਦਾ ਹੈ, ਗੁਰੂ ਗੋਬਿੰਦ ਸਿੰਘ ਨੇ ਉਸਨੂੰ ਸਿੰਘ ਕਿਉਂ ਕਿਹਾ? A Short History of the sikhs ਦੇ ਲੇਖਕ ਆਖਦੇ ਹਨ ਕਿ ਅੰਮ੍ਰਿਤਧਾਰੀ ਸਿੱਖ ਇਸ ਕਰਕੇ ਸਿੰਘ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਸਾਂਝਾ ਨਾਮ ਸਿੰਘ ਮਿਲ ਗਿਆ, ਯਾਨੀ ਕਿ ਸ਼ੇਰ; ਸ਼ਾਂਤੀ, ਪਵਿੱਤਰਤਾ ਦੇ ਨਾਲ-ਨਾਲ ਬੀਰਤਾ ਵੀ ਉਨ੍ਹਾਂ ਦਾ ਧਰਮ ਸੀ।[19] ਇਨ੍ਹਾਂ ਮੁਤਾਬਕ ਜਿਸਮਾਨੀ ਬਹਾਦਰੀ ਸਿੱਖ ਦਾ ਗੁਣ ਹੈ, 1699 ਵਿਚ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਉਪਨਾਮ 'ਸਿੰਘ' ਦੇ ਦਿੱਤਾ ਯਾਨੀ ਕਿ ਸ਼ੇਰ, ਭਾਰਤੀ ਜੰਗਲ ਵਿਚ ਬਿੱਲੀ ਨਸਲ ਦਾ ਜਾਨਵਰ। ਉਨੀਵੀਂ ਸਦੀ ਦੇ ਮੁੱਢ ਵਿਚ ਇਕ ਸਿੱਖ ਲਿਖਾਰੀ ਭੂਪ ਸਿੰਘ ਨਿਰਮਲਾ ਆਖਦਾ ਹੈ ਕਿ ਖੂੰਖਾਰ ਚੰਡੀ ਦੇ ਵਾਹਨ, ਸਿੰਘ ਤੋਂ ਇਹ ਉਪਾਧੀ ਸੁਗਾਤ ਵਜੋਂ ਮਿਲੀ।[20] ਚੰਡੀ ਦੀ ਮਿੱਥ ਵਿਚ ਪਾਲਤੂ ਸ਼ੇਰ ਉਸਦੀ ਸਵਾਰੀ ਹੈ, ਇਸ ਨਾਲ ਉਸਦੀ ਵਹਿਸ਼ੀ ਬੀਰਤਾ ਪ੍ਰਗਟ ਹੁੰਦੀ ਹੈ।

ਗੌਤਮ ਬੁੱਧ ਨੇ ਕਿਹਾ, "ਭਿਖੂਓ, ਜਾਨਵਰਾਂ ਦਾ ਰਾਜਾ ਸੰਧਿਆ ਵੇਲੇ ਆਪਣੀ ਗੁਫਾ ਵਿਚੋਂ ਬਾਹਰ ਨਿਕਲਦਾ ਹੈ। ਫਿਰ ਅੰਗੜਾਈ ਲੈਕੇ ਚਾਰੇ ਦਿਸ਼ਾਵਾਂ ਦੀ ਕਨਸੋਅ ਲੈਂਦਾ ਹੈ। ਫਿਰ ਉਹ ਤਿੰਨ ਵਾਰ ਦਹਾੜਦਾ ਹੈ (ਸਿੰਘ-ਨਾਦ) ਤੇ ਸ਼ਿਕਾਰ ਤਲਾਸ਼ਦਾ ਹੈ। ਅਜਿਹਾ ਉਹ ਕਿਉਂ ਕਰਦਾ ਹੈ? ਉਹ ਇਹ ਸੋਚ ਕੇ ਦਹਾੜਦਾ ਹੈ ਕਿ ਕੋਈ ਕਮਜ਼ੋਰ ਨਿੱਕਾ ਜਾਨਵਰ ਇਧਰ ਉਧਰ ਘੁੰਮਦਾ ਫਿਰਦਾ ਮੈਥੋਂ ਮਾਰਿਆ ਨਾ ਜਾਏ। ਜਿਥੋਂ ਤੱਕ ਸ਼ਬਦ ਸਿੰਘ ਹੈ, ਭਿੱਖੂਓ, ਇਹ ਸਤਿ ਦੀ ਤਲਾਸ਼ ਕਰਨ ਵਾਲੇ ਤਥਾਗਤ ਲਈ ਹੈ, ਜਿਹੜਾ ਪੂਰਨਪੁਰਖ ਹੋਵੇ, ਜਾਗ੍ਰਿਤ ਹਸਤੀ, ਬੁੱਧ। ਜਦੋਂ ਉਹ ਸ਼ਰੇਆਮ ਧੱਮ ਪੜ੍ਹਾਉਂਦਾ ਹੈ, ਇਹ ਉਸਦੀ ਗਰਜਣਾ ਹੈ, ਸਿੰਘ-ਨਾਦ।[21]

ਸੱਚ ਦਾ ਮੁਤਲਾਸ਼ੀ, ਤਥਾਗਤ ਕੌਣ ਹੈ, ਜਿਸ ਨੂੰ ਸਿੰਘ ਕਿਹਾ ਗਿਆ?

ਭਿਖੂ ਵੱਛਾਗੁਤ ਨੇ ਗੌਤਮ ਬੁੱਧ ਨੂੰ ਪੁੱਛਿਆ, "ਜਦੋਂ ਸਾਧੂ ਦਿਲੋਂ ਮੁਕਤ ਹੋਵੇ, ਜਦੋਂ ਉਹ ਤਥਾਗਤ ਹੋ ਜਾਵੇ, ਉਸ ਅੰਦਰਲਾ ਸਿੰਘ ਕਦੋਂ ਜਾਗਦਾ ਹੈ?"

ਬੁੱਧ ਨੇ ਉਤਰ ਦਿੱਤਾ-

- ਜਾਗਣਾ ਠੀਕ ਸ਼ਬਦ ਨਹੀਂ।
- ਫਿਰ ਉਹ ਨੀਂਦ ਵਿੱਚ ਹੈ?
- ਨੀਂਦ ਸ਼ਬਦ ਨਹੀਂ ਢੁੱਕਦਾ।
- ਫਿਰ ਉਹ ਜਾਗਦਾ ਅਤੇ ਸੱਤਾ ਦੋਵੇਂ ਹੁੰਦਾ ਹੈ?
- ਇਕੱਠੇ ਜਾਗਣਾ ਤੇ ਸੌਣਾ ਸਹੀ ਸ਼ਬਦ ਨਹੀਂ।
- ਤਾਂ ਫਿਰ ਉਹ ਨਾ ਨੀਂਦ ਵਿਚ ਹੁੰਦਾ ਨਾ ਜਾਗਦਾ ਹੈ?
- ਇਨ੍ਹਾਂ ਵਿਚੋਂ ਵੀ ਕਿਸੇ ਵਿਚ ਨਹੀਂ।
- ਮੈਂ ਉਲਝਣ ਵਿਚ ਪੈ ਗਿਆ ਹਾਂ ਗੌਤਮ, ਬੌਂਦਲ ਗਿਆ ਹਾਂ।

-ਤੂੰ ਉਲਝਣਾ ਬੌਂਦਲਣਾ ਹੀ ਸੀ ਵੱਛ ਕਿਉਂਕਿ ਧੱਮ ਨੂੰ ਦੇਖਣਾ ਤੇ ਸਮਝਣਾ ਕਠਿਨ ਹੈ, ਇਹ ਦੁਰਲਭ ਹੈ, ਸ਼ਾਨਦਾਰ ਹੈ, ਦਲੀਲੋਂ ਪਾਰ ਹੈ, ਬੁੱਧੀ ਰਾਹੀਂ ਥਾਹ ਪਾਉਣੀ ਅਸੰਭਵ ਹੈ। ਤੇਰੇ ਵਾਸਤੇ ਸਮਝਣਾ ਇਸ ਕਰਕੇ ਕਠਿਨ ਹੈ ਕਿਉਂਕਿ ਅਜੇ ਤੇਰੇ ਕੋਲ ਦੂਜੇ ਵਿਚਾਰ ਹਨ, ਦੂਜੇ ਪ੍ਰਭਾਵ ਹਨ, ਦੂਜੇ ਵਿਸ਼ਵਾਸ ਹਨ, ਭਿੰਨ ਸੰਬੰਧ ਹਨ, ਭਿੰਨ ਗੁਰੂ ਹੈ। ਸੋ ਮੈਂ ਤੁਹਾਨੂੰ ਸਵਾਲ ਕਰਦਾ ਹਾਂ-

- ਸਾਹਮਣੇ ਅੱਗ ਬਲਦੀ ਹੋਵੇ, ਤੁਹਾਨੂੰ ਪਤਾ ਲਗ ਜਾਏਗਾ?
- ਹਾਂ ਨੇਕ-ਬਖਤ ਗੌਤਮ।
- ਜੇ ਤੁਹਾਨੂੰ ਪੁੱਛਿਆ ਜਾਵੇ ਅੱਗ ਕਿਉਂ ਬਲਦੀ ਹੈ, ਕੀ ਉੱਤਰ ਦਿਉਗੇ?

– ਮੈਨੂੰ ਕਹਿਣਾ ਚਾਹੀਦਾ ਹੈ ਘਾਹ ਅਤੇ ਲੱਕੜਾਂ ਦੇ ਈਨ੍ਹਣ ਕਰਕੇ।

– ਜੇ ਅੱਗ ਬੁਝਾ ਦੇਈਏ ਤੁਹਾਨੂੰ ਪਤਾ ਲੱਗ ਜਾਏਗਾ ਬੁਝ ਗਈ?

– ਯਕੀਨਨ।

– ਤੁਹਾਨੂੰ ਪੁਛਿਆ ਜਾਵੇ ਬੁਝ ਕੇ ਅੱਗ ਕਿਸ ਦਿਸ਼ਾ ਵਲ ਗਈ, ਪੂਰਬ, ਪੱਛਮ, ਉੱਤਰ ਕਿ ਦੱਖਣ ਵੱਲ, ਤੁਸੀਂ ਦੱਸ ਦਿਉਗੇ?

– ਇਹ ਸਵਾਲ ਸਾਰਥਕ ਨਹੀਂ। ਜਦੋਂ ਤਕ ਘਾਹ, ਫੂਸ, ਲੱਕੜਾਂ ਸਨ, ਅੱਗ ਬਲੀ, ਹੁਣ ਜਦੋਂ ਬਾਲਣ ਨਾ ਰਿਹਾ, ਫਿਰ ਇਸਨੇ ਬੁਝਣਾ ਹੀ ਸੀ।

– ਇਸੇ ਪ੍ਰਕਾਰ ਵੱਛ, ਸਾਰੇ ਮਾਦੀ ਰੂਪ, ਵਿਚਾਰ, ਕਲਪਣਾ, ਘਾੜਤਾਂ, ਚੇਤਨਾ, ਜਿਨ੍ਹਾਂ ਬਾਰੇ ਸੱਚ ਦਾ ਅਭਿਲਾਖੀ ਜਾਣਦਾ ਸੀ, ਉਹ ਉਸਨੇ ਖ਼ਤਮ ਕਰ ਦਿੱਤੀਆਂ, ਪਾਮ ਦਰੱਖਤ ਦੀ ਜੜ੍ਹ ਵਾਂਗ ਵੱਢ ਦਿੱਤੀਆਂ, ਹੁਣ ਉਸਦੀਆਂ ਇੱਛਾਵਾਂ, ਕਾਮਨਾਵਾਂ ਕਦੀ ਨਹੀਂ ਪਰਤਣਗੀਆਂ। ਉਨ੍ਹਾਂ ਦੀ ਭਵਿੱਖ ਵਿਚ ਕੋਈ ਹੋਂਦ ਨਹੀਂ ਹੋਵੇਗੀ । ਸਤਿਆਰਥੀ ਜਿਸਮ ਦੀਆਂ ਲੋੜਾਂ ਤੇ ਹਦਾਇਤਾਂ ਤੋਂ ਮੁਕਤ ਹੋ ਚੁੱਕਾ ਹੈ, ਉਹ ਬਲਵਾਨ ਹੋ ਗਿਆ, ਸਮੁੰਦਰ ਵਾਂਗ ਅਥਾਹ ਤੇ ਅਨੰਤ ਹੋ ਗਿਆ।[22]

ਸਿੰਘ ਉਹ ਹੈ, ਜਿਸਨੇ ਮੰਜ਼ਿਲ ਪਾ ਲਈ, ਜਿਸਦਾ ਆਤਮ ਜਾਗ ਪਿਆ, ਜਿਸ ਵਿਚ ਖ਼ੁਦੀ ਨਹੀਂ ਰਹੀ, ਜਿਸ ਦੀ ਲਘੁਤਾ, ਹੰਕਾਰ ਲੋਪ ਹੋ ਗਏ, ਖ਼ਤਮ ਹੋ ਗਏ, ਉਸਦਾ ਕੋਈ ਜ਼ਾਤੀ ਨਾਮ ਨਹੀਂ ਰਿਹਾ, ਉਦੋਂ ਬਤੌਰ 'ਸਿੰਘ' ਉਸਦੀ ਤਾਜਪੋਸ਼ੀ ਹੁੰਦੀ ਹੈ। ਸਿੱਖ ਰਹਿਤ ਮਰਿਆਦਾ ਵਿਚ ਚਲਦਿਆਂ ਜਦੋਂ ਤੱਕ ਉਹ ਸਿਆਸੀ ਤੇ ਸਮਾਜਕ ਗਤੀਵਿਧੀਆਂ ਵਿਚ ਸਕ੍ਰਿਅ ਰਹਿੰਦਾ ਹੈ, ਉਹ ਸਿੰਘ ਹੈ। ਸਿੱਖ ਉਹ ਵਿਅਕਤੀ ਹੈ ਜਿਹੜਾ ਪਾਂਧੀ ਹੈ, ਸਿੱਖਣ ਦੇ ਰਾਹ ਪੈ ਗਿਆ ਹੈ, ਰੂਹਾਨੀ ਸੰਪੂਰਣਤਾ ਅਤੇ ਆਤਮ ਗਿਆਨ ਵੱਲ ਜਾ ਰਿਹਾ ਹੈ, ਪਰ ਅਜੇ ਆਤਮ ਦਾ ਅਨੁਭਵ ਨਹੀਂ ਹੋਇਆ, ਸਤਿ ਨੂੰ ਅਜੇ ਸੰਪੂਰਣਤਾ ਵਿਚ ਨਹੀਂ ਜਾਣਿਆ, ਸੋ ਅਜੇ ਤਥਾਗਤ ਜਾਂ ਸਿੰਘ ਦਾ ਰੁਤਬਾ ਨਹੀਂ ਮਿਲ ਸਕਦਾ। ਜਦੋਂ ਸਿੱਖ ਆਪਣੀ ਅੰਤਿਮ ਮੰਜ਼ਲ 'ਤੇ ਪੁੱਜ ਗਿਆ, ਲਘੁ ਅਹੰ ਤੋਂ ਪਾਰ ਲੰਘ ਗਿਆ, ਸਿੰਘ ਹੋਇਆ, ਸੰਪੂਰਣ ਹੋਇਆ। ਗੁਰੂ ਗੋਬਿੰਦ ਸਿੰਘ ਦਾ ਫੁਰਮਾਨ–

ਖਾਲਸਾ ਪੰਥ ਦਾ ਮੈਂਬਰ ਇਕ ਸਿੰਘ ਉਹ ਹੈ, ਜੋ ਨਿਰੰਤਰ ਜੀਵੰਤ ਅਕਾਲ ਪੁਰਖ ਵਿਚ ਰਮਿਆ ਹੋਇਆ ਹੈ, ਦੂਈ ਦੀ ਭਾਵਨਾ ਨਹੀਂ ਰਹੀ, ਪ੍ਰੇਮ ਅਤੇ ਭਗਤੀ ਦੀ ਸਾਕਾਰ ਮੂਰਤ ਹੈ, ਜਿਸ ਦੇ ਦਿਲ ਵਿਚ ਇਕ ਪਰਮੇਸ਼ਰ ਤੋਂ ਬਗੈਰ ਹੋਰ ਕੁੱਝ ਨਹੀਂ, ਜੋ ਸਤਿ ਅਤੇ ਮਾਇਆ ਵਿਚ ਫਰਕ ਪਛਾਣਦਾ ਹੈ।[23]

ਗੁਰੂ ਗੋਬਿੰਦ ਸਿੰਘ ਦੀ ਸੰਸਥਾ ਦਾ ਸਹੀ ਮਹੱਤਵ ਇਹੋ ਹੈ ਜਿਸ ਵਿਚੋਂ ਉਸਨੇ ਸਾਰੇ ਸਿੱਖਾਂ ਨੂੰ 'ਸਿੰਘ' ਉਪਨਾਮ ਪ੍ਰਦਾਨ ਕੀਤੇ, ਜਿਨਾਂ ਦੀ ਖਾਲਸਾ ਪੰਥ ਦੇ ਮੈਬਰਾਂ ਵਜੋਂ ਤਾਜਪੋਸ਼ੀ ਹੋਈ, ਸਿੱਖ ਧਾਰਮਿਕ ਪ੍ਰੰਪਰਾ ਵਿੱਚ ਸਿੰਘ ਪਦ ਦਾ ਇਹੋ ਅਰਥ ਹੈ। ਜਿਸਮਾਨੀ ਬਲ ਨਾਲ ਜਾਂ ਸਾਕਤ ਮਤਿ ਦੀ ਦੇਵੀ ਚੰਡੀ ਨਾਲ, ਜਿਥੋਂ ਤੱਕ ਸਿੱਖ ਪਰੰਪਰਾ ਦਾ ਸਵਾਲ ਹੈ, ਸਿੰਘ ਉਪਾਧੀ ਦਾ ਇਨ੍ਹਾਂ ਨਾਲ ਕੋਈ ਵਾਹ ਵਾਸਤਾ ਨਹੀਂ।

ਦੂਸਰੀ ਥਾਂ ਗੁਰੂ ਗੋਬਿੰਦ ਸਿੰਘ ਸਿੱਖ ਅਤੇ ਉਸਦੇ ਵਿਰੋਧੀ ਅਸਿੱਖ ਦਾ ਫਰਕ ਉਦੋਂ ਸਮਝਾਉਂਦੇ ਹਨ, ਜਦੋਂ ਉਹ ਪ੍ਰਭੂ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਮੈਨੂੰ ਆਪਣੇ ਉਸ ਮਨੋਰਥ ਵਿਚ ਸਫ਼ਲ ਕਰੋ ਜਿਹੜਾ ਆਪ ਨੇ ਸੌਂਪਿਆ ਹੈ, "ਹੇ ਪਰਮਾਤਮਾ! ਸਿੱਖਾਂ ਨੂੰ ਬਚਾਉਣ ਅਤੇ ਅਸਿੱਖਾਂ ਨੂੰ ਸੰਘਾਰਨ ਲਈ ਸਹਾਈ ਹੋਵੋ।" ਅਗਲੀ ਪੰਕਤੀ ਵਿੱਚ ਉਹ 'ਅਸਿੱਖ' ਸ਼ਬਦ ਦਾ ਅਰਥ ਕਰਦਿਆਂ ਦੱਸਦੇ ਹਨ ਕਿ ਇਹ ਬਦ ਲੋਕ ਹਨ, ਜਿਨ੍ਹਾਂ ਨੇ ਖੁਰਾਫਾਤ ਕਰਨ ਦਾ ਫੈਸਲਾ ਕਰ ਰੱਖਿਆ ਹੈ ਤੇ ਜੋ ਧਰਮ ਦੇ ਦੁਸ਼ਮਣ ਹਨ।

ਅਬ ਰੱਛਾ ਮੇਰੀ ਤੁਮ ਕਰੋ ॥
ਸਿਖਯ ਉਬਾਰ ਅਸਿਖਯ ਸੰਘਰੋ ॥
ਦੁਸਟ ਜਿਤੇ ਉਠਾਵਤ ਉਤਪਾਤਾ ॥
ਸਕਲ ਮਲੇਛ ਕਰੋ ਰਣ ਘਾਤਾ ॥
(ਬੇਨਤੀ ਚਉਪਈ, ਦਸਮ ਗ੍ਰੰਥ, ਪੰਨਾ 1387)

**ਹਵਾਲੇ–**


1. Charles Eliot, Sir, Hinduism and Buddhism, II, P. 267

2. Teja Singh & Ganda Singh, A Short History of the Sikhs, I, P.1

3. ਗੁਰੂਬ੍ਰਹਮਾ ਗੁਰੂਵਿਸ਼ਣੂੰ ਗੁਰੂਦੇਵੋਮਹੇਸ਼ਰਹ॥ ਗੁਰੂ ਸਾਕਸ਼ਾਤਪਾਰਬ੍ਰਹਮ ਤਸਮੈ ਸ੍ਰੀਗੁਰਦੇਵਨਮਹ॥

4. ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥ ਗਉੜੀ ਕੀ ਵਾਰ, ਮ: 4, ਗੁ. ਗ੍ਰ., ਪੰਨਾ. 302

5. ਸੇਵਹੁ ਸਤਿਗੁਰ ਸਮੁੰਦੁ ਅਥਾਹਾ॥

ਮਾਰੂ, ਮ: 1, ਉਹੀ, ਪੰਨਾ 1043

6. ਗੁਰੁ ਦਰਿਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥

ਸਤਿਗੁਰਿ ਪਾਈਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥

ਪ੍ਰਭਾਤੀ ਮ: 1, ਉਹੀ, ਪੰਨਾ 1329.

7. ਵਾਰ ਆਸਾ, ਮ: 1, ਗੁ. ਗ੍ਰ., ਪੰਨਾ 468.

8. ਆਸਾ ਮ. 5, ਉਹੀ, ਪੰਨਾ 12.

9. ਆਸਾ ਮ: 1, ਉਹੀ, ਪੰਨਾ 12.

10. ਵਾਰ ਆਸਾ ਮ: 1, ਉਹੀ, ਪੰਨਾ 470.

11. ਉਹੀ, ਪੰਨਾ 465.

12. ਸਵਯਮਾਚਰਤੇ ਸ਼ਿਸ਼ਯਮਾਚਾਰੇ ਸਥਾਪਾਯਯ॥

12.[ੳ] ਓਕੋਇਮਪਠਵਿ ਵਿਜੇਸਸਤਿ॥ ਯਮਲੋਕ ਵ ਈਮੰ ਸਦੇਵਕ॥ ਕੋ ਧੱਮਪਦ ਸਦੇਸਿਤ॥ ਕੁਸਲੋ ਪੁੰਫਮਿਵਪੱਚੇਸਤਿ॥ ਪੁਸਪਵੱਗੋ, 4. 1.

13. ਸੇਖੋ ਪਠਵਿੰ ਵਿਜੇਤਸਤਿ॥ ਯਮਲੋਵਰਚ ਇ ਸਦੇਵਕਮ॥ ਸੇਖਾ ਧੱਮਪਦ ਸੁਦੇਸਿਤੰ॥ ਕੁਸਲੋ ਪੁੱਪਮਿਵਪੱਚੇਸੱਤਿ॥ -ਉਹੀ, 4. 2.

14. "The Law above our minds, called the Truth" St. Augustine Dev Ver reliq xxx.

15. Samyutta- nikaya, 1. 69

17. ਧੱਮ ਹਿ ਸੋ ਭਿੱਖਵੇ ਭਿੱਖੂ ਨ ਪੱਸਤਿ॥ ਧੱਮ ਅਪਸੰਤੋ ਨ ਮ ਪੱਸਤਿ॥ ਇੱਤੀਵੁੱਤਕਮ, 3,43.45/91

18. ਸਿਰੀਰਾਗ ਮ: 5, ਗੁ. ਗ੍ਰ., ਪੰਨਾ 73.

19. Teja Singh & Ganda Singh op. Cit. Vol.I, P.70

20. ਸਿੰਘ ਨਾਮ ਸਿੰਘ ਬਾਹਨ ਨੈ ਦੀਓ॥ ਸੁਧਰਮਮਾਰਗ ਗ੍ਰੰਥ, ਪੰਨਾ 47.

21. Anguttara- nikaya, v/334. 4. 3

22. Majjhima- nikaya, I. 486.87

23. ਜਾਗਤ ਜੋਤਿ ਜਪੈ ਨਿਸ ਬਾਸੁਰ
ਏਕੁ ਬਿਨਾ ਮਨਿ ਨੈਕ ਨ ਆਨੈ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ॥

ਸਵਈਏ 33, ਦਸਮ ਗ੍ਰੰਥ, ਪੰਨਾ 712.

**('ਰਾਗ' ਵਿੱਚੋਂ ਧੰਨਵਾਦ ਸਹਿਤ)**

## ਕਵਿਤਾ- ਮਾਏ ਤੇਰੇ ਬਾਹਝੋਂ

**-ਇਰਸ਼ਾਦ ਸੰਧੂ**

ਹੋਵਣ ਲੱਖ ਬਹਾਰਾਂ ਭਾਵੇਂ
ਨਾਲ ਜ਼ਮਾਨਾ ਹੋਵੇ।
ਇੰਜ ਲਗਦਾ ਏ ਜਿਸਰਾਂ ਪੂਰਾ
ਪਿੰਡ ਬੇਗਾਨਾ ਹੋਵੇ।
ਲੱਖ ਬੱਦਲਾਂ ਦੇ ਟੋਟੇ ਆਉਣ
ਲੱਖ ਪੂਰੇ ਦੀਆਂ ਵਾਵਾਂ।
ਸਾਡੇ ਲਈ ਤੇ ਹੋ ਗਈਆਂ ਨੇਂ
ਧੁੱਪਾਂ ਵਾਂਗਰ ਛਾਵਾਂ।
ਸ਼ਾਮਾਂ ਸਿਖਰ ਦੁਪਹਿਰਾਂ ਜਾਪਣ
ਰਾਤਾਂ ਵਾਂਗ ਸਵੇਰੇ।
ਬੂਹਾ ਮੱਲ ਕੇ ਬਹਿ ਜਾਂਦੇ ਨੇਂ
ਚਿੱਟੇ ਦਿਨ ਅਨ੍ਹੇਰੇ।
ਕੀ ਦੱਸਾਂ ਮੈਂ ਵੇਲ਼ਾ ਕਿੰਜ ਦੇ
ਕਿੰਜ ਭੁਲੇਖੇ ਪਾਵੇ।
ਪੁੱਤਰਾ! ਕਹਿ ਕੇ ਜਦ ਕਿਸੇ ਦੀ
ਵਾਜ ਗਵਾਂਢੋਂ ਆਵੇ।
ਕਿੰਨੀ ਵਾਰੀ ਭਿੱਜ ਜਾਂਦਾ ਏ
ਲੀੜਾ ਕਮਲੀ ਅੱਖ ਦਾ।
ਰਾਤਾਂ ਨੂੰ ਜਦ ਕੋਲ਼ ਸਿਰਹਾਣੇ
ਕੋਈ ਦੁੱਧ ਨਹੀਂ ਰੱਖਦਾ।
ਦਰਿਆ ਵਾਂਗੂੰ ਵਗਦਾ ਰਹਿੰਦਾ
ਅੱਖਾਂ ਦਾ ਪਿਛਵਾੜਾ।
ਵੇਹਲਿਆਂ ਵੇਹਲਿਆਂ ਲੰਘ ਜਾਂਦਾ ਏ
ਹਰ ਇੱਕ ਈਦ ਦਿਹਾੜਾ।
ਕਿਥੋਂ ਲੱਭਾਂ ਕਿਥੋਂ ਭਾਲਾਂ
ਜਿਹੜਾ ਲਾਡ ਲਡਾਵੇ।
ਰੀਝਾਂ ਨਾਲ ਕਢਾਈਆਂ ਵਾਲੇ
ਕਿਹੜਾ ਸੂਟ ਸਿਵਾਵੇ।
ਕੰਧਾਂ ਘੂਰੀ ਪਾ ਪਾ ਵੇਖਣ
ਵੱਢ ਵੱਢ ਖਾਵੇ ਵੇੜ੍ਹਾ।
ਮੱਥਾ ਚੁੰਮ ਚੁੰਮ ਸੀਨੇ ਲਾਵੇ
ਚੰਨ ਚੰਨ ਆਖੇ ਕਿਹੜਾ?
ਨੀ ਮਾਏ ਤੇਰੇ ਬਾਹਝੋਂ...

# ਨਾਮੁ ਸਿਮਰਨ

**-ਮਹਿੰਦਰ ਸਿੰਘ ਕੂਕਾ**

ਗੁਰਬਾਣੀ ਅਨੁਸਾਰ ਮਨੁੱਖਾਂ ਦੀਆਂ ਦੋ ਸ਼੍ਰੇਣੀਆਂ ਹਨ। ਪ੍ਰਥਮ ਸ਼੍ਰੇਣੀ ਦੇ ਮਨੁੱਖ ਉੱਚੇ-ਸੁੱਚੇ ਅਸੂਲਾਂ ਦੇ ਮਾਲਕ, ਕਹਿਣੀ-ਕਥਨੀ ਦੇ ਸੂਰੇ ਅਤੇ ਪੂਰੇ ਸਤਿਗੁਰੂ ਦੇ ਹੁਕਮਾਂ ਅਨੁਸਾਰ ਜੀਵਨ ਬਸਰ ਕਰਨ ਵਾਲੇ 'ਗੁਰਮੁਖ' ਕਹਾਉਂਦੇ ਹਨ ਅਤੇ ਦੋਮ ਦਰਜੇ ਦੇ ਕੱਚੇ-ਪਿੱਲੇ, ਵਿਕਾਰੀ ਤੇ ਸਵਾਰਥੀ, ਆਪਣੇ ਮਨ ਦੇ ਪਿਛਲੱਗ, ਨੀਵੀਂ ਬਿਰਤੀ ਵਾਲੇ ਮਨੁੱਖ 'ਮਨਮੁੱਖ' ਸਦੀਂਦੇ ਹਨ। ਗੁਰਮੁਖ ਸਕਾਰਥ, ਪ੍ਰਭੂ-ਭਗਤੀ ਵਾਲਾ ਤੇ ਪਰਉਪਕਾਰੀ ਜੀਵਨ ਜਿਉਂਦੇ ਹਨ, ਜਦ ਕਿ ਮਨਮੁੱਖਾਂ ਦਾ ਕੋਈ ਨੇਮ-ਧਰਮ ਨਹੀਂ ਹੁੰਦਾ ਤੇ ਉਹ ਮਾਇਆਵੀ ਸੰਸਾਰ ਦੀ ਦਲਦਲ ਵਿਚ ਖੁੱਭੇ ਤੇ ਖਚਤ ਹੋ ਚੁੱਕੇ ਹੁੰਦੇ ਹਨ। ਗੁਰਮੁਖਾਂ ਦਾ ਜੀਵਨ ਮਨੁੱਖਤਾ ਦੀਆਂ ਬੁਲੰਦੀਆਂ ਨੂੰ ਛੂੰਹਦਾ ਹੈ ਤੇ ਉਹ ਗੰਧਲੇ ਤੇ ਚਿੱਕੜ-ਭਰੇ ਪਾਣੀ 'ਚੋਂ ਪੈਦਾ ਹੋ ਕੇ ਵੀ ਕਮਲ ਦੇ ਫੁੱਲ ਵਾਂਗ ਨਿਰਮਲ ਤੇ ਨਿਰਲੇਪ ਜੀਵਨ ਜਿਉਂਦੇ ਹਨ, ਜਦਕਿ 'ਮਨਮੁੱਖ' ਸੂਅਰ ਦੀ ਤਰ੍ਹਾਂ ਗੰਦ ਹੀ ਖਾਂਦੇ, ਗੰਦ ਹੀ ਖਲੇਰਦੇ ਤੇ ਗੰਦ ਹੀ ਉਗਲਦੇ ਹਨ।

ਗੁਰਬਾਣੀ ਗੁਰਮੁਖੀ ਜੀਵਨ ਦੇ ਤਿੰਨ ਮੁੱਢਲੇ ਅਸੂਲਾਂ ਨੂੰ ਇੰਜ ਬਿਆਨ ਕਰਦੀ ਹੈ:

"ਗੁਰਮੁਖਿ ਨਾਮੁ ਦਾਨੁ ਇਸਨਾਨ॥"

ਸਰੀਰ ਦੀ ਪਵਿੱਤਰਤਾ ਵਾਸਤੇ ਇਸ਼ਨਾਨ, ਮਨ ਦੀ ਮੈਲ ਧੋਣ ਵਾਸਤੇ ਨਾਮ-ਸਿਮਰਨ ਤੇ ਕਿਰਤ-ਕਮਾਈ ਨੂੰ ਸਫ਼ਲ ਕਰਨ ਵਾਸਤੇ ਦਾਨ ਕਰਨ ਦੀ ਕਿਰਿਆ। ਗੁਰਸਿੱਖੀ ਆਸ਼ੇ ਅਨੁਸਾਰ ਇਸ ਕਰਮ ਨੂੰ 'ਵੰਡ ਛਕਣ' ਦੀ ਕਿਰਿਆ ਕਿਹਾ ਜਾਂਦਾ ਹੈ, ਜਿਸਦਾ ਹੋਰ ਵਧੇਰੇ ਸੂਖਮ ਰੂਪ ਆਪਣੇ ਹੱਕ ਵਿੱਚੋਂ ਵੀ ਲੋੜਵੰਦ ਨੂੰ ਹਿੱਸਾ ਦਾਨ ਦੇ ਕੇ ਕਿਰਤਾਰਥ ਕਰਨ ਦੀ ਕਿਰਿਆ ਵੀ ਸ਼ਾਮਿਲ ਹੈ। ਚੂੰਕਿ ਦੇਣ ਵਾਲਾ ਤਾਂ ਦਾਤਾਰ ਹੈ, ਦਾਤਾਂ ਵੰਡਣ ਵਾਲਾ ਤਾਂ ਓਹੀ ਇਕ ਅਕਾਲ-ਪੁਰਖੁ ਹੀ ਹੈ, ਸਾਡੇ ਹੱਥੋਂ ਦਿਵਾ ਕੇ ਉਹ ਸਾਨੂੰ ਤਾਣ ਤੇ ਮਾਣ ਬਖ਼ਸ਼ਦਾ ਹੈ, ਵਰਨਾ ਅਸੀਂ ਕੌਣ ਹਾਂ, ਕਿਸੇ ਨੂੰ ਕੁਝ ਦੇ ਸਕਣ ਵਾਲੇ?

ਗੁਰਸਿਖੀ ਜਾਂ ਗੁਰਮੁਖੀ ਜੀਵਨ ਦੇ ਉਪਰੋਕਤ ਤਿੰਨ ਮੁੱਢਲੇ ਨਿਯਮਾਂ ਵਿੱਚੋਂ 'ਨਾਮੁ' ਦੇ ਸੰਬੰਧ ਵਿਚ ਵਿਚਾਰ ਕਰਨੀ ਹੀ ਇਸ ਲੇਖ ਦਾ ਮੁੱਖ ਮਕਸਦ ਹੈ ਕਿਉਂਕਿ ਈਸ਼ਵਰ ਦੇ ਨਾਮੁ ਨੂੰ ਜਪ ਕੇ ਜਾਂ ਪ੍ਰਭੂ ਦਾ ਸਿਮਰਨ ਕਰ ਕੇ ਹੀ ਅਸੀਂ ਆਪਣੇ ਜੀਵਨ ਨੂੰ ਉੱਚਾ ਚੁੱਕ ਸਕਦੇ ਹਾਂ, ਇਸ ਵਾਸਤੇ ਨਾਮ ਸਿਮਰਨ ਦੀ ਖਾਸ ਮਹੱਤਤਾ ਹੈ। ਜਿਵੇਂ ਪਾਣੀ ਦਾ ਸੁਭਾਅ ਨੀਂਵਾਣ ਵੱਲ ਨੂੰ ਵਹਿਣ ਦਾ ਹੈ ਤਿਵੇਂ ਹੀ ਮਨੁੱਖੀ ਮਨ ਵੀ ਨੀਵਾਣ ਵੱਲ ਵਧੇਰੇ ਦੌੜਦਾ ਹੈ। ਜਿਵੇਂ ਪਾਣੀ ਨੂੰ ਉੱਚਾ ਚੁੱਕਣ ਵਾਸਤੇ ਸ਼ਕਤੀ ਤੇ ਮਿਹਨਤ ਮੁਸ਼ੱਕਤ ਦੀ ਜ਼ਰੂਰਤ ਹੁੰਦੀ ਹੈ ਤਿਵੇਂ ਹੀ ਮਨ ਨੂੰ ਬੁਲੰਦ ਬਣਾਉਣ ਵਾਸਤੇ ਵੀ ਭਾਰੀ ਤਾਕਤ ਤੇ ਮੁਸ਼ੱਕਤ ਵਰਤਣੀ ਪੈਂਦੀ ਹੈ। ਇਹ ਤਾਕਤ ਸਾਨੂੰ ਨਾਮ-ਸਿਮਰਨ ਦੇ ਅਭਿਆਸ ਅਤੇ ਸਤਿਗੁਰੂ ਦੇ ਆਸ਼ੀਰਵਾਦ ਅਥਵਾ ਬਖ਼ਸ਼ਿਸ਼ ਦੁਆਰਾ ਮਿਲਦੀ ਹੈ। ਪੂਰੇ ਸਤਿਗੁਰੂ ਦਾ ਓਟ-ਆਸਰਾ ਵੀ ਤਾਂ ਹੀ ਪ੍ਰਾਪਤ ਹੁੰਦਾ ਹੈ ਜੇ ਅਸੀਂ ਉਸਦੀ ਕ੍ਰਿਪਾ ਦੇ ਪਾਤਰ ਬਣੀਏ ਅਤੇ ਅਜਿਹਾ ਤਾਂ ਹੀ ਸੰਭਵ ਹੈ ਜੇ ਅਸੀਂ ਸਤਿਗੁਰੂ ਦੇ ਦੱਸੇ ਹੋਏ ਮਾਰਗ ਅਥਵਾ ਨਿਯਮ ਅਨੁਸਾਰ ਚੱਲੀਏ।

**ਨਾਮ ਕੀ ਹੈ?** ਜਿਵੇਂ ਕਿਸੇ ਵਿਅਕਤੀ ਵਿਸ਼ੇਸ਼ ਜਾਂ ਵਸਤੂ ਦੀ ਪਹਿਲੀ ਪਹਿਚਾਣ ਉਹਦੇ ਨਾਂ ਤੋਂ ਹੁੰਦੀ ਹੈ। ਤਿਵੇਂ ਹੀ ਸ੍ਰਿਸ਼ਟੀ ਦੀ ਪਰਮ-ਸੱਤਾ ਜਾਂ ਈਸ਼ਵਰੀ ਸ਼ਕਤੀ ਨੂੰ ਵੀ ਉਹਦੇ ਵਿਸ਼ੇਸ਼ ਨਾਂ ਜਾਂ 'ਨਾਮੁ' ਰਾਹੀਂ ਹੀ ਪਹਿਚਾਨਣ ਦੀ ਪਹਿਲੀ ਕੋਸ਼ਿਸ਼ ਕੀਤੀ ਗਈ। ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦੀ ਆਦਿ ਜੁਗਾਦੀ ਅਟੱਲ ਸੱਚਾਈ ਇਕੋ-ਇਕ ਈਸ਼ਵਰੀ ਸ਼ਕਤੀ ਹੀ ਹੈ ਜੋ ਉਦੋਂ ਵੀ ਸੀ ਜਦੋਂ ਕੇਵਲ 'ਅਰਬਦ ਨਰਬਦ ਧੁੰਧੂਕਾਰ' ਸੀ (ਅਰੰਭ ਕਾਲ ਦੀ ਆਦਮੀ ਦੁਆਰਾ ਨਾ-ਬਿਆਨ ਕਰ ਸਕਣ ਵਾਲੀ 'ਸ਼ੂਨਯ-ਅਵਸਥਾ' ਅਥਵਾ 'ਸੰਪੂਰਨ ਸੁੰਨ' ਦੀ ਦਸ਼ਾ ਅਤੇ ਓਦੋਂ ਵੀ ਹੋਵੇਗੀ। ਜਦੋਂ ਇਹ ਸ੍ਰਿਸ਼ਟੀ ਜਾਂ ਸੰਸਾਰਿਕ-ਰਚਨਾ ਬਿਨਸ ਜਾਏਗੀ। ਸਤਿਗੁਰੂ ਨਾਨਕ ਦੇਵ ਜੀ ਨੇ ਉਸ ਪਰਮ ਸ਼ਕਤੀ ਨੂੰ ੧ਓ ਕਿਹਾ ਤੇ ਉਸ ਨਿਰੰਕਾਰੀ ਸ਼ਕਤੀ ਨੂੰ ਆਪਣੇ ਮੂਲ ਮੰਤ੍ਰ-

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਆਦਿ ਸਚੁ ਜੁਗਾਦਿ ਸਚ ਹੈ ਭੀ ਸੱਚੁ ਨਾਨਕ ਹੋਸੀ ਭੀ ਸਚੁ॥

ਵਿਚਲੇ ਗੁਣਾਂ ਰਾਹੀਂ ਸਾਕਾਰ ਤੇ ਉਜਾਗਰ ਕੀਤਾ। ਕਿਉਂਕਿ ਮਨੁੱਖ ਸਮਸਤ ਪ੍ਰਾਣੀ ਜਗਤ ਦਾ ਸਿਰਦਾਰ ਹੈ, ਇਸ ਵਾਸਤੇ ਮਨੁੱਖ ਦੀ ਮੁਕਤੀ ਦਾ ਮਾਰਗ ਵੀ ਪਰਮ-ਪਿਤਾਪ੍ਰਮਾਤਮਾ ਅਥਵਾ 'ਅਕਾਲ ਪੁਰਖ' ਹੀ ਹੈ। ਉਸ ਸੂਖਸ਼ਮ ਸ਼ਕਤੀ ਦੇ ਸਥੂਲ ਰੂਪ ਅਥਵਾ ਵਿਰਾਟ ਰੂਪ ਦਾ ਕੁਝ ਝਲਕਾਰਾ ਸਾਨੂੰ ਉਹਦੀ ਦ੍ਰਿਸ਼-ਅਦ੍ਰਿਸ਼ ਸ੍ਰਿਸ਼ਟੀ ਅਥਵਾ ਬ੍ਰਹਿਮੰਡ 'ਚੋਂ ਮਿਲ ਜਾਂਦਾ ਹੈ। ਭਿੰਨ-ਭਿੰਨ ਯੁੱਗਾਂ ਵਿੱਚ ਉਸ ਪਰਮ-ਸ਼ਕਤੀ ਨੂੰ ਭਿੰਨ-ਭਿੰਨ ਨਾਵਾਂ ਨਾਲ ਪੁਕਾਰਿਆ ਗਿਆ, ਪ੍ਰੰਤੂ ਸਤਿਗੁਰੂ ਨਾਨਕ ਦੇਵ ਜੀ ਨੇ ਸਤਿਯੁਗ-ਤ੍ਰੇਤਾ-ਦੁਆਪਰ ਯੁਗਾਂ ਦੌਰਾਨ ਪ੍ਰਮਾਤਮਾ ਦੇ ਪ੍ਰਚਲਤ ਨਾਂਵਾਂ (ਵਿਸ਼ਨੂੰ, ਹਰੀ, ਗੋਬਿੰਦ, ਰਾਮ) ਦੇ ਪਹਿਲੇ ਅੱਖਰਾਂ ਨੂੰ ਜੋੜ ਕੇ "ਵਾਹਿਗੁਰੂ ਨਾਮੁ ਜਗਤ ਵਿਚ ਪ੍ਰਚਲਤ ਕੀਤਾ ਤੇ ਏਸੇ 'ਨਾਮੁ' ਨਾਲ ਹੀ ਉਸ ਪਰਮ ਸ਼ਕਤੀ ਨੂੰ ਆਰਾਧਣ ਦਾ ਉਪਦੇਸ਼ ਦਿੱਤਾ। ਹਨ੍ਹੇਰੇ 'ਚੋਂ ਬਾਹਰ ਕੱਢ ਕੇ ਗਿਆਨ ਦੇ ਪ੍ਰਕਾਸ਼ ਨਾਲ ਰੁਸ਼ਨਾਉਣ ਵਾਲਾ ਇਹ ਉਸ ਸਕਤੀ ਦਾ ਨਾਮੁ ਵੀ ਹੈ ਅਤੇ ਉਹਦੀ ਸਿਫ਼ਤ-ਸਲਾਹ ਵੀ।

**ਨਾਮੁ ਦਾ ਸ੍ਰੋਤ ਤੇ ਪ੍ਰਾਪਤੀ :** ਗੁਰਬਾਣੀ ਅਨੁਸਾਰ ਨਾਮ ਦਾ ਸ੍ਰੋਤ 'ਸਤਿਗੁਰੂ' ਹੈ। 'ਗੁਰੂ ਸਮੁੰਦ ਨਦੀ ਸਭ ਸਿਖੀ' ਗੁਰਵਾਕ ਅਨੁਸਾਰ ਸਤਿਗੁਰੂ ਸਮੁੰਦਰ ਦੀ ਨਿਆਈਂ ਹੈ। ਜਿਵੇਂ ਹਰ ਪ੍ਰਕਾਰ ਦੇ ਜਲ ਦਾ ਸ੍ਰੋਤ ਸਮੁੰਦਰ ਹੀ ਹੈ, ਜੋ ਕੁਦਰਤ ਦੇ ਬਣਾਏ ਨਿਯਮਾਂ ਅਨੁਸਾਰ ਵਾਸ਼ਪ ਬਣ ਕੇ, ਹਜ਼ਾਰਾਂ ਕੋਹਾਂ ਦਾ ਸਫ਼ਰ ਤਹਿ ਕਰਕੇ, ਵਰਖਾ ਦੇ ਰੂਪ 'ਚ ਵਰ੍ਹਦਾ ਹੈ ਤੇ ਨਦੀਆਂ-ਨਾਲਿਆਂ ਦਾ ਰੂਪ ਧਾਰ ਕੇ ਮੁੜ ਸਮੁੰਦਰ ਵਿਚ ਜਾ ਸਮਾਉਂਦਾ ਹੈ ਤਿਵੇਂ ਹੀ ਸਤਿਗੁਰੂ ਆਪਣੇ ਪਿਆਰੇ ਸਿਖਾਂ ਸੇਵਕਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਜਿਵੇਂ ਜਲ ਨੂੰ ਇਕ ਵਹਿਣ ਬਣਨ ਦੀ ਲੋੜ ਹੈ ਕਿ ਉਹਦਾ ਸਮੁੰਦਰ ਤੱਕ ਪਹੁੰਚਣ ਦਾ ਰਸਤਾ ਆਪਣੇ ਆਪ ਹੀ ਬਣ ਜਾਂਦਾ ਹੈ, ਤਿਵੇਂ ਹੀ ਗੁਰਸਿਖ ਨੂੰ ਆਪਣੇ ਸਤਿਗੁਰੂ ਵੱਲ ਕਦਮ ਪੁੱਟਣ ਦੀ ਜ਼ਰੂਰਤ ਹੈ, ਉਹਦਾ ਰੂਹਾਨੀ ਸਫ਼ਰ ਆਰੰਭ ਹੋ ਜਾਂਦਾ ਹੈ ਤੇ ਫਿਰ ਉਸਨੂੰ ਆਪਣੀ ਮੰਜ਼ਿਲ ਵੱਲ, ਸਮੁੰਦਰ ਰੂਪੀ ਸਤਿਗੁਰੂ ਤੱਕ, ਪਹੁੰਚਣ ਨੂੰ ਦੇਰ ਨਹੀਂ ਲੱਗਦੀ। ਸਾਰੀ ਗੁਰਬਾਣੀ 'ਨਾਮੁ' ਤੇ ਇਸ ਦੁਰਲੱਭ ਵਸਤ ਦੇ ਦਾਤੇ 'ਸਤਿਗੁਰੂ' ਦੀ ਮਹਿਮਾ ਦਾ ਵਰਨਣ ਕਰਦੀ ਹੈ। ਜਿਵੇਂ ਹਰ ਜਲ ਦੀ ਰਸਾਇਣਕ ਸੱਚਾਈ $H_20$- ਦੋ ਹਿੱਸੇ ਹਾਈਡਰੋਜਨ ਤੇ ਇਕ ਹਿੱਸਾ ਆਕਸੀਜਨ ਹੈ (ਭਾਵੇਂ ਉਹ ਜਲ ਕਿਸੇ ਟੋਭੇ, ਚਸ਼ਮੇ, ਸਰੋਵਰ, ਨਦੀ, ਦਰਿਆ ਜਾਂ ਸਮੁੰਦਰ ਦਾ ਹੀ ਕਿਉਂ ਨਾ ਹੋਵੇ) ਤਿਵੇਂ ਹੀ ਹਰ ਪ੍ਰਾਣੀ, ਜੀਵ ਤੇ ਮਨੁੱਖ ਦੀ ਆਤਮਾ ਪਰਮਾਤਮਾ ਦਾ ਹੀ ਅੰਸ ਹੈ ਤੇ ਇਹਦੀ ਮੁਕਤੀ ਪਰਮਾਤਮਾ ਨਾਲ ਇਕਮਿਕ ਹੋਣ ਵਿੱਚ ਹੀ ਹੈ ਤਿਵੇਂ ਹੀ ਗੁਰਸਿਖ ਦੀ ਮੁਕਤੀ ਦਾ ਰਾਹ ਵੀ ਆਪਣੇ ਸਤਿਗੁਰੂ ਨਾਲ ਇਕਮਿਕ ਹੋਣ ਵਿੱਚ ਹੀ ਹੈ। 'ਪਾਰਬ੍ਰਹਮ ਗੁਰ ਨਾਹੀ ਭੇਦ' ਗੁਰਵਾਕ ਅਨੁਸਾਰ, ਸਤਿਗੁਰੂ ਨਿਰਾਕਾਰ ਪ੍ਰਮਾਤਮਾ ਦਾ ਸਾਕਾਰ ਸਰੂਪ ਹੈ ਤੇ ਉਹ ਰੱਬੀ ਸ਼ਕਤੀਆਂ ਨਾਲ ਭਰਪੂਰ ਹੁੰਦਾ ਹੈ। ਸਤਿਗੁਰੂ ਦੀ ਪ੍ਰਾਪਤੀ ਹੁੰਦਿਆਂ ਹੀ ਮਨੁੱਖ ਦੀ ਮੁਕਤੀ ਦੇ ਸਾਰੇ ਦੁਆਰ ਖੁੱਲ੍ਹ ਜਾਂਦੇ ਹਨ, ਪਰੰਤੂ ਉਸ ਰੱਬੀ-ਮਹਿਲ ਅੰਦਰ ਪ੍ਰਵੇਸ਼ ਤਾਂ ਮਨੁੱਖ ਨੂੰ ਆਪਣੇ ਯਤਨਾਂ ਦੁਆਰਾ ਹੀ ਕਰਨਾ ਪਵੇਗਾ ਅਤੇ ਅਜਿਹੇ ਯਤਨ ਹਨ 'ਨਾਮੁ ਸਿਮਰਨ' ਤੇ 'ਸ਼ੁਭ ਅਮਲਾਂ ਵਾਲਾ ਜੀਵਨ' ਅਖ਼ਤਿਆਰ ਕਰਨਾ ਅਰਥਾਤ 'ਗੁਰਮੁਖੀ ਜੀਵਨ'।

**ਨਾਮੁ ਕਦੋਂ ਤੇ ਕਿਵੇਂ ਮਿਲਦਾ ਹੈ?** ਗੁਰਬਾਣੀ ਅਨੁਸਾਰ ਮਨੁੱਖ ਨੂੰ ਸਤਿਗੁਰੂ ਦੀ ਸੰਗਤ ਓਦੋਂ ਪ੍ਰਾਪਤ ਹੁੰਦੀ ਹੈ, ਜਦੋਂ ਉਹਦੇ ਪੂਰਬਲੇ ਕਰਮ ਅੰਕੁਰ ਬਣ ਕੇ ਫੁੱਟਦੇ ਹਨ। ਯਥਾ-

"ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ॥"

ਜਦੋਂ ਅਜਿਹਾ ਸਮਾਂ ਬਣਦਾ ਹੈ ਤਾਂ ਸਿੱਖ ਆਪਣੇ ਸਤਿਗੁਰੂ ਨੂੰ ਮਿਲਣ ਵਾਸਤੇ ਬਿਹਬਲ ਹੋਇਆ ਤੁਰ ਪੈਂਦਾ ਹੈ, ਉਦੋਂ ਸੰਸਾਰਿਕ ਬੰਧਨ ਵੀ ਉਹਦਾ ਰਸਤਾ ਨਹੀਂ ਰੋਕ ਸਕਦੇ। ਸਿੱਖ ਇਤਿਹਾਸ ਅੰਦਰ ਅਜਿਹੇ ਹਜ਼ਾਰਾਂ ਪ੍ਰਮਾਣ ਮਿਲਦੇ ਹਨ, ਜਦੋਂ ਨਾਮ ਵਾਸਤੇ ਬਿਹਬਲ/ਤਰਸਦੇ ਮਨੁੱਖ ਨੂੰ, ਜੋ ਸੱਚੇ ਦਿਲੋਂ ਸਤਿਗੁਰੂ ਦੀ ਤਲਾਸ਼ ਵਿਚ ਨਿਕਲ ਪੈਂਦਾ ਹੈ ਤਾਂ ਸਤਿਗੁਰੂ ਅਗਲਵਾਂਢੀ ਹੋ ਕੇ ਮਿਲ ਪੈਂਦਾ ਹੈ। ਜੇ ਸਤਿਗੁਰੂ ਸਿੱਖ ਦੀ ਪ੍ਰੀਖਿਆ ਲੈਂਦਾ ਹੈ ਤਾਂ ਸਿੱਖ ਵੀ ਗੁਰੂ ਨੂੰ ਪਰਖਣੋਂ ਨਹੀਂ ਝਿਜਕਦੇ। ਜਦੋਂ ਪੂਰੀ ਤਸੱਲੀ ਜਾਂ ਨਿਸ਼ਠ ਹੋ ਜਾਵੇ ਤਾਂ ਸਿੱਖ ਸਤਿਗੁਰੂ ਦੀ ਚਰਨੀਂ ਢਹਿ ਕੇ, ਤਨੋਂ-ਮਨੋਂ ਗੁਰੂ ਨੂੰ ਸਮਰਪਿਤ ਹੋ ਕੇ ਸਤਿਗੁਰੂ ਪਾਸ 'ਨਾਮੁ' ਦੀ ਦਾਤ ਪ੍ਰਦਾਨ ਕਰਨ ਵਾਸਤੇ ਸੱਚੇ ਦਿਲੋਂ ਪ੍ਰਾਰਥਨਾ ਕਰਦਾ ਹੈ। ਸਤਿਗੁਰੂ ਸਿੱਖ ਉਪਰ ਤਰੁੱਠ ਜਾਵੇ ਤਾਂ ਗੁਰਬਾਣੀ ਦੇ ਆਸ਼ੇ ਅਨੁਸਾਰ ਸਿੱਖ ਦੇ ਕੰਨ ਵਿਚ 'ਨਾਮ' ਦੇ ਦੇਂਦਾ ਹੈ, ਜਿਸ ਨਾਲ ਸਿੱਖ ਦੇ ਮਨ ਦੀ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ, ਉਹਦੇ ਸਾਰੇ ਵਹਿਮ-ਭਰਮ ਦੂਰ ਹੋ ਜਾਂਦੇ ਹਨ ਤੇ ਮਨ ਅੰਦਰ

ਸੱਚਾ ਤੇ ਸਦੀਵੀ ਪ੍ਰਕਾਸ਼-ਰੂਪੀ ਸੂਰਜ ਉਦੈ ਹੋ ਜਾਦਾ ਹੈ। ਯਥਾ:

'ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ
ਮੰਤ੍ਰੁ ਦੀਓ ਗੁਰ ਕਾਨ॥
(ਕਾਨੜਾ ਮਹਲਾ ੫)

ਇਸ ਕਿਰਿਆ ਰਾਹੀਂ ਸਤਿਗੁਰੂ ਆਪਣੀ ਨਾਮ-ਸਿਮਰਨ ਦੀ ਕਮਾਈ ਵਿਚੋਂ ਕਿਣਕਾ-ਮਾਤਰ 'ਪ੍ਰਸਾਦਿ' ਵੀ ਦੇਂਦਾ ਹੈ। ਇਸ ਬੀਜ-ਰੂਪੀ ਪ੍ਰਸਾਦਿ ਨੂੰ ਗੁਰਸਿੱਖ ਨੇ ਆਪ ਨਾਮ ਸਿਮਰਨ ਦੀ ਮਿਹਨਤ ਤੇ ਕਮਾਈ ਕਰ ਕੇ ਪ੍ਰਫੁੱਲਤ ਕਰਨਾ ਹੁੰਦਾ ਹੈ। ਕਈ ਵਾਰੀ ਸਤਿਗੁਰੂ ਮਿਹਰਬਾਨ ਹੋ ਕੇ ਆਪਣੇ ਕਿਸੇ ਭਜਨੀਕ ਗੁਰਸਿਖ ਨੂੰ ਗੁਰਮੰਤ੍ਰ ਦੇਣ ਦਾ ਹੁਕਮ ਵੀ ਕਰ ਦਿੰਦਾ ਹੈ। ਉਹ ਸਮਾਂ ਨਿਵੇਕਲਾ ਤੇ ਵਡਭਾਗੀ ਹੁੰਦਾ ਹੈ, ਜਦੋਂ ਸਤਿਗੁਰੂ ਆਪ ਸੰਗਤ ਵਿਚਕਾਰ ਉਪਸਥਿਤ ਹੋ ਕੇ ਆਪਣੇ ਮੁਖਾਰਬਿੰਦ ਤੋਂ 'ਨਾਮੁ' ਦਾ ਉਚਾਰਣ ਕਰਕੇ ਨਾਮ ਦੇ ਖੁੱਲ੍ਹੇ ਗੱਫੇ ਵੀ ਵੰਡ ਦੇਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਪ੍ਰਗਤੀ ਤੇ ਪ੍ਰਫੁੱਲਤਾ ਵਾਸਤੇ ਅਜਿਹਾ ਉਪਕਾਰ ਵੀ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਜਿਹਾ ਹੁਕਮ ਕਰਦਿਆਂ ਕਈ ਵਾਰੀ ਵੇਖਿਆ ਸੁਣਿਆ ਹੈ ਕਿ ਫਲਾਣੇ ਸਿੰਘ, ਸਿੰਘਣੀ, ਬੱਚੇ ਜਾਂ ਬੱਚੀ ਨੂੰ 'ਨਾਮੁ' ਦੇ ਦਿਤਾ ਜਾਵੇ। ਅਜਿਹੀਆਂ ਰਹਿਮਤਾਂ ਸੱਚਾ ਸਤਿਗੁਰੂ ਹੀ ਕਰ ਸਕਦਾ ਹੈ।

**ਅੰਮ੍ਰਿਤ ਨਾਮੁ ਨਿਧਾਨ ਹੈ-** ਜੇ ਗੁਰਬਾਣੀ ਅੰਮ੍ਰਿਤਮਈ ਹੈ ਤਾਂ 'ਨਾਮੁ' ਅੰਮ੍ਰਿਤ ਰੂਪ ਹੈ, ਪਰਮ-ਆਨੰਦ ਦਾ ਖ਼ਜ਼ਾਨਾ ਹੈ ਤੇ ਸਤਿਗੁਰੂ ਵੱਲੋਂ ਸਾਨੂੰ ਇਸ ਅੰਮ੍ਰਿਤ ਰੂਪੀ ਨਾਮੁ ਨੂੰ ਮਿਲ ਕੇ ਛਕਣ ਦਾ ਆਦੇਸ਼ ਹੈ-

ਅੰਮ੍ਰਿਤ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥
ਜਿਸ ਸਿਮਰਤ ਸੁਖੁ ਪਾਈਐ
ਸਭ ਤਿਖਾ ਬੁਝਾਈ॥

ਯਥਾ-

ਅੰਮ੍ਰਿਤ ਨਾਮੁ ਪਰਮੇਸ਼ਰ ਤੇਰਾ
ਜੋ ਸਿਮਰੈ ਸੋ ਜੀਵੈ॥

**ਨਾਮੁ ਸਿਮਰਨ ਕਿਉਂ ਤੇ ਕਿਵੇਂ ਕਰੀਏ?**

ਸਿਮਰਨ ਦਾ ਅਰਥ ਹੈ ਯਾਦ ਕਰਨਾ ਨਾਮੁ ਸਿਮਰਨ ਦਾ ਭਾਵ-ਅਰਥ ਹੈ ਸ੍ਰਿਸ਼ਟੀ ਦੀ ਪਰਮ ਸੱਤਾ ਪਰਮ-ਪਿਤਾ ਅਕਾਲ ਪੁਰਖੁ ਪਰਮਾਤਮਾ ਨੂੰ ਯਾਦ ਕਰਨਾ। ਗੁਰਬਾਣੀ ਅੰਦਰ ਸਤਿਗੁਰੂ ਸਾਹਿਬਾਨ ਦਾ ਕਥਨ ਹੈ-

ਜੋ ਦੀਸੈ ਮੀਨ ਪੰਖੁ ਪੰਖੇਰੂ
ਸੋ ਬਿਨੁ ਹਰਿ ਜਾਪਤ ਹੈ ਨਹੀ ਹੋਰੁ॥

ਚਾਤ੍ਰਿਕ, ਪਪੀਹੇ ਚਕਵੀ ਆਦਿ ਦੇ ਦ੍ਰਿਸ਼ਟਾਂਤਾਂ ਰਾਹੀਂ ਵੀ ਸਮਝਾਇਆ ਗਿਆ ਹੈ ਕਿ ਜੇ ਇਹ ਨਿੱਕੇ ਨਿੱਕੇ ਜੀਵ ਈਸ਼ਵਰੀ ਸ਼ਕਤੀ ਨੂੰ ਸਿਮਰਦੇ ਹਨ ਤਾਂ ਮਨੁੱਖ ਵਾਸਤੇ ਤਾਂ ਪ੍ਰਭੂ ਦਾ ਸਿਮਰਨ ਕਰਨਾ ਹੋਰ ਵੀ ਵਧੇਰੇ ਅਵੱਸ਼ਕ ਹੈ ਕਿਉਂਕਿ ਦੁਰਲੱਭ ਮਨੁੱਖਾ ਜਨਮ ਤਾਂ ਮਿਲਿਆ ਹੀ ਇਸੇ ਕਾਰਜ ਵਾਸਤੇ ਹੈ। ਪ੍ਰਭੂ ਦਾ ਸਿਮਰਨ ਕਰਕੇ ਹੀ ਮਨੁੱਖ ਜਨਮ-ਮਰਨ ਦੇ ਚੱਕਰ 'ਚੋਂ ਬਾਹਰ ਨਿਕਲ ਸਕਦਾ ਹੈ ਤੇ ਈਸ਼ਵਰ ਨਾਲ ਮਿਲਾਪ ਕਰ ਸਕਦਾ ਹੈ।

ਯਥਾ-

ਚਿਰੰਕਾਲ ਇਹ ਦੇਹ ਸੰਜਰੀਆ॥
ਪ੍ਰਭੁ ਮਿਲਨੇ ਕੀ ਇਹ ਤੇਰੀ ਬਰੀਆ॥

ਗੁਰਮਤਿ ਅਨੁਸਾਰ ਸੂਖਸ਼ਮ ਰੂਪ ਵਿੱਚ ਈਸ਼ਵਰ ਦਾ ਨਾਮੁ ਹਰ ਮਨੁੱਖ ਦੇ ਅੰਦਰ ਪਹਿਲਾਂ ਹੀ ਮੌਜੂਦ ਹੈ। ਸਤਿਗੁਰੂ ਦਾ ਕੰਮ ਉਸਨੂੰ 'ਜਾਗ ਲਾਉਣਾ' ਹੈ, ਮਨੁੱਖ ਦਾ ਕੰਮ ਉਸਦਾ ਮੰਥਨ ਕਰਕੇ ਤੱਤ ਰੂਪੀ ਪ੍ਰਮਾਤਮਾ ਨੂੰ ਪ੍ਰਾਪਤ ਕਰਨਾ ਹੈ। ਭਗਤ ਕਬੀਰ ਜੀ ਦਾ ਕਥਨ ਹੈ-

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਕਿ ਤਤੁ ਨ ਜਾਈ॥

ਸੁਖਮਨੀ ਸਾਹਬਿ ਅੰਦਰ ਸਤਿਗੁਰੂ ਮਨੁੱਖ ਦੀ ਦੁਬਿਧਾ ਦਾ ਜ਼ਿਕਰ ਕਰਦੇ ਹਨ-

ਜੋ ਠਾਕੁਰ ਸਦ ਸਦਾ ਹਜੂਰੇ॥
ਤਾ ਕਉ ਅੰਧਾ ਜਾਨਤ ਦੂਰੇ॥
ਜਾ ਕੀ ਟਹਲ ਪਾਵੈ ਦਰਗਹ ਮਾਨੁ॥
ਤਿਸਹਿ ਬਿਸਾਰੈ ਮੁਗਧੁ ਅਜਾਨੁ॥

ਸੱਚਾਈ ਤਾਂ ਇਹੀ ਹੈ ਕਿ ਪ੍ਰਮਾਤਮਾ ਦਾ ਨਾਮੁ ਹੀ ਪ੍ਰਾਣੀਆਂ ਸਮੇਤ ਸਮਸਤ ਸ੍ਰਿਸ਼ਟੀ ਦਾ ਆਧਾਰ ਹੈ। ਯਥਾ-

ਨਾਮ ਕੇ ਧਾਰੇ ਸਗਲ ਜੰਤਿ॥
ਨਾਮੁ ਕੇ ਧਾਰੇ ਖੰਡ ਬ੍ਰਹਿਮੰਡ॥ ......
ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ॥
ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ॥

ਨਾਮੁ, ਨਾਮ-ਸਿਮਰਨ ਤੇ ਉਸਦੇ ਮਹੱਤਵ ਦੀ ਵਿਆਖਿਆ ਸਰਵੋਤਮ ਰੂਪ ਵਿਚ ਸਾਹਿਬ ਸ੍ਰੀ ਗੁਰੂ ਅਰਜਨ

ਦੇਵ ਜੀ ਨੇ 'ਸੁਖਮਨੀ ਸਾਹਿਬ' ਅੰਦਰ ਕਰ ਦਿੱਤੀ ਹੈ। ਅੱਗੇ, ਇਸ ਹੁਕਮ ਨੂੰ ਮੰਨਣਾ ਸਾਡਾ ਕੰਮ ਹੈ ਕਿਉਂਕਿ ਸਤਿਗੁਰੂ ਹੀ ਨਾਮ ਦਾ ਦਾਤਾ ਹੈ, ਇਸ ਵਾਸਤੇ ਮਨੁੱਖ ਦੇ ਮਨ ਅੰਦਰ ਨਾਮੁ ਦਾ ਬੀਜ ਬੀਜਣ ਤੋਂ ਪਹਿਲਾਂ ਸਤਿਗੁਰੂ ਮਨੁੱਖ ਪਾਸੋਂ ਕੁਝ ਪ੍ਰਣ ਲੈਂਦਾ ਹੈ ਕਿ ਉਹ ਮਾਸ-ਸ਼ਰਾਬ, ਹਰ ਪ੍ਰਕਾਰ ਦੇ ਵਿਕਾਰਾਂ ਤੇ ਵਿਅਸਨਾਂ ਦਾ ਤਿਆਗ ਕਰੇ। 'ਨਾਮੁ' ਵਰਗੀ ਪਵਿੱਤਰ ਵਸਤੂ ਸਾਫ਼ ਤੇ ਪਵਿੱਤਰ ਤਨ-ਮਨ ਅੰਦਰ ਹੀ ਕਾਇਮ ਰਹਿ ਸਕਦੀ ਹੈ। ਸੋ ਤਨ-ਮਨ ਦਾ ਭਾਂਡਾ ਵੀ ਸ਼ੁੱਧ ਤੇ ਸਾਫ਼ ਹੋਣਾ ਅਤੀ ਆਵੱਸ਼ਕ ਹੈ। ਗੰਧਲੇ ਬਰਤਨ ਅੰਦਰ ਤਾਂ ਦੁੱਧ ਵੀ ਫੁੱਟ ਜਾਂਦਾ ਹੈ, ਨਾਮ ਤਾਂ ਸਭ ਵਸਤਾਂ ਤੋਂ ਪਵਿੱਤਰ 'ਈਸ਼ਵਰ ਦਾ ਨਾਮੁ' ਹੈ। ਅਗਲਾ ਕਦਮ ਹੈ ਗੁਰਸਿੱਖ ਵਾਸਤੇ ਕਿ ਪੰਜਾਂ ਕਕਾਰਾਂ ਨੂੰ ਧਾਰਨ ਕਰਕੇ ਅੰਮ੍ਰਿਤਧਾਰੀ ਹੋਣਾ। ਫਿਰ ਸਣੇਕੇਸੀਂ ਇਸ਼ਨਾਨ ਕਰਕੇ, ਬੈਠ ਕੇ ਇਕਾਂਤ ਵਿਚ ਜਾਂ ਸਾਧ-ਸੰਗਤ ਵਿਚਕਾਰ ਆਸਣ-ਇਸਥਿਤ ਹੋ ਕੇ ਆਪਣੀ ਜੀਭ ਅਥਵਾ ਰਸਨਾ ਨਾਲ ਨਾਮ ਜਪਣਾ।

**ਅੰਮ੍ਰਿਤ ਵੇਲਾ, ਸਾਧ-ਸੰਗਤ ਤੇ ਨਾਮ ਸਿਮਰਨ–** ਗੁਰਮਤਿ ਅਨੁਸਾਰ ਅੰਮ੍ਰਿਤ ਵੇਲੇ ਨਾਮੁ ਜਪਣ ਦਾ ਵੱਡਾ ਮਹਾਤਮ ਹੈ। ਸੂਰਜ ਉਦੈ ਹੋਣ ਤੋਂ ਸਾਢੇ ਤਿੰਨ ਘੰਟੇ ਪਹਿਲਾਂ ਅੰਮ੍ਰਿਤ ਵੇਲਾ ਪ੍ਰਾਰੰਭ ਹੋ ਜਾਂਦਾ ਹੈ। ਜਾਗਣਾ ਤੇ ਇਸ਼ਨਾਨ ਕਰਨਾ ਅੰਮ੍ਰਿਤ ਵੇਲਾ ਆਰੰਭ ਹੋਣ ਤੋਂ ਵੀ ਪਹਿਲੇ ਦੀਆਂ ਸਰੀਰਕ ਕਿਰਿਆਵਾਂ ਹਨ। ਇਹੀ ਕਾਰਨ ਹੈ ਕਿ 'ਨਾਮ ਸਿਮਰਨ' ਦੇ ਜੱਪ-ਪ੍ਰਯੋਗ ਨੂੰ ਆਰੰਭ ਕਰਨ ਦਾ ਸਮਾਂ ਸਤਿਗੁਰਾਂ ਨੇ ਤੜਕੇ ਸਵੇਰੇ ਦੋ ਵਜੇ ਦਾ ਮਿਥਿਆ ਹੈ। ਤਿੰਨ ਵਜੇ ਤੋਂ ਅਗਾਂਹ ਤੇ ਇਹ ਕਦੇ ਵੀ ਟੱਪਣ ਨਹੀਂ ਦਿੱਤਾ ਗਿਆ। ਗੁਰਮਤਿ ਅਨੁਸਾਰ ਸਾਧ-ਸੰਗਤ ਵਿਚ ਸਾਮੂਹਕ ਨਾਮ-ਸਿਮਰਨ ਨੂੰ ਵਧੇਰੇ ਤਰਜੀਹ ਦਿੱਤੀ ਗਈ ਹੈ। ਇਕ ਮਨ-ਇਕਾਗਰ ਚਿੱਤ ਹੋ ਕੇ ਆਪਣੀ ਰਸਨਾ ਨਾਲ ਨਾਮੁ ਸਿਮਰਨ ਕਰਨ ਦਾ ਆਦੇਸ਼ ਹੈ। (ਧਿਆਨ ਸਤਿਗੁਰੂ ਦਾ ਧਰਿਆ ਜਾਵੇ, ਜੀਭਾਂ ਨਾਲ ਨਾਮ ਜਪਿਆ ਜਾਵੇ ਤੇ ਕੰਨਾਂ ਨਾਲ ਨਾਮ ਤੇ ਸ਼ਬਦ ਕੀਰਤਨ ਸੁਣਿਆ ਜਾਵੇ।)

**ਨਾਮੁ ਸਿਮਰਨ ਦੀਆਂ ਅਵਸਥਾਵਾਂ–** ਗੁਰਮਤਿ ਮਾਰਗ ਦੇ ਗਿਆਨੀਆਂ ਤੇ ਨਾਮੁ-ਅਭਿਆਸੀਆਂ ਨੇ ਨਿਮਨ-ਲਿਖਿਤ ਅਵਸਥਾਵਾਂ ਦਾ ਉਲੇਖ ਕੀਤਾ ਹੈ। ਇਹ ਉਹ ਸਰੀਰਕ ਤੇ ਮਾਨਸਿਕ ਅਵਸਥਾਵਾਂ ਹਨ, ਜਿਨ੍ਹਾਂ ਵਿਚੋਂ ਨਾਮ-ਸਿਮਰਨ ਕਰਨ ਵਾਲੇ ਗੁਰਮੁਖਾਂ ਨੂੰ ਅਕਸਰ ਲੰਘਣਾ ਪੈਂਦਾ ਹੈ। ਵੈਸੇ, ਸਤਿਗੁਰੂ ਕ੍ਰਿਪਾ ਕਰੇ ਤਾਂ ਉਹ ਗੁਰਸਿੱਖ ਨੂੰ ਸਿੱਧੇ ਹੀ ਪੰਜਵੀਂ, ਸਤਵੀਂ ਸਟੇਜ 'ਤੇ ਪਹੁੰਚਾ ਸਕਦਾ ਹੈ। ਅਤੀ ਮਿਹਰਬਾਨ ਹੋ ਜਾਵੇ ਤਾਂ ਸਤਿਗੁਰੂ ਆਪਣੇ ਸਿੱਖ ਨੂੰ ਸਿੱਧੇ ਹੀ ਅਕਾਲ-ਪੁਰਖੁ ਦੇ ਜਾਂ ਹੋ ਚੁੱਕੇ ਅਵਤਾਰਾਂ ਤੇ ਸਤਿਗੁਰੂਆਂ ਦੇ ਦਰਸ਼ਨ ਕਰਵਾ ਸਕਦਾ ਹੈ- ਸਾਖਿਆਤ ਵੀ ਅਤੇ ਆਪਣੀ ਦੇਹ ਵਿਚੋਂ ਵੀ। ਇਹ ਸਭ ਕੁਝ ਇਸ ਵਾਸਤੇ ਸੰਭਵ ਹੈ ਕਿਉਂਕਿ ਸਤਿਗੁਰੂ ਦੀ ਦੇਹ 'ਨਾਮੁ' ਦੀ ਹੀ ਦੇਹ ਹੁੰਦੀ ਹੈ। ਸਤਿਗੁਰੂ ਆਪ ਨਿਰੰਤਰ ਨਾਮੁ ਜਪਦਾ ਹੈ ਤੇ ਜਪਾਉਂਦਾ ਹੈ, ਆਪ ਮੁਕਤਿ ਹੁੰਦਾ ਹੈ ਤੇ ਆਪਣੇ ਪਿਆਰੇ ਸਿੱਖਾਂ-ਸੇਵਕਾਂ ਨੂੰ ਵੀ ਤਾਰਦਾ ਤੇ ਮੁਕਤ ਕਰਦਾ ਹੈ। ਜੋ ਆਪ ਖੁਦ ਬੰਧਨ-ਮੁਕਤ ਹੈ, ਉਹ ਹੀ ਮਨੁੱਖ-ਮਾਤਰ ਤੇ ਹੋਰ ਪ੍ਰਾਣੀਆਂ ਨੂੰ ਮੁਕਤ ਕਰ ਦੇਣ ਦੀ ਸਮਰੱਥਾ ਰੱਖਦਾ ਹੈ।
ਗੁਰਬਾਣੀ ਅਨੁਸਾਰ ਤਾਂ-

ਸਤਿਗੁਰ ਮੇਰਾ ਸਰਬ ਪ੍ਰਿਤਪਾਲੈ॥
ਸਤਿਗੁਰੁ ਮੇਰਾ ਮਾਰ ਜੀਵਾਲੈ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ ਸਤਿਗੁਰੁ ਸਿਖ ਕਉ
ਜੀਅ ਨਾਲਿ ਸਮਾਰੈ॥
(ਗਉੜੀ ਸੁਖਮਨੀ ਮ: ੫)

ਉਪਰੋਕਤ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਨਾਮੁ ਸਿਮਰਨ ਕਰਨ ਵਾਲੇ ਗੁਰਸਿੱਖ ਨੂੰ ਸਤਿਗੁਰੂ ਖੁਦ ਆਪ ਵੀ ਆਪਣੇ ਚੇਤੇ ਵਿਚ ਰੱਖਦਾ ਹੈ ਤੇ ਹਰ ਭੀੜ ਤੇ ਮੁਸੀਬਤ ਸਮੇਂ ਸਿੱਖ ਦੀ ਰੱਖਿਆ ਕਰਦਾ ਹੈ। ਇਨ੍ਹਾਂ ਸਤਰਾਂ ਦੇ ਲੇਖਕ ਸਮੇਤ ਹਜ਼ਾਰਾਂ ਗੁਰਸਿੱਖ ਇਸ ਤੱਥ-ਸੱਚ ਦੀ ਪ੍ਰੋੜਤਾ ਕਰ ਸਕਦੇ ਹਨ, ਆਪਣੇ ਜੀਵਨ ਤਜੁਰਬੇ 'ਚੋਂ।

**1. ਬੈਖਰੀ ਸਿਮਰਨ–** ਆਪਣੀ ਜੀਭਾ ਅਥਵਾ ਰਸਨਾ ਦੁਆਰਾ ਪ੍ਰਭੂ ਦੇ ਨਾਮ ਦਾ ਸਿਮਰਨ ਜਿਹੜਾ ਕੇਵਲ ਆਪਣੇ ਕੰਨਾਂ ਨੂੰ ਹੀ ਸੁਣਾਈ ਦੇਵੇ। ਕੁਝ ਸੰਪਰਦਾਵਾਂ ਵਿਚ ਉੱਚੀ-ਉੱਚੀ 'ਨਾਮੁ' ਦਾ ਉਚਾਰਣ ਕੀਤਾ ਜਾਂਦਾ ਹੈ, ਪਰੰਤੂ ਨਾਮਧਾਰੀ ਸਿੱਖ ਪੰਥ ਅੰਦਰ ਅਜਿਹੀ ਰੀਤ ਨਹੀਂ।

**2. ਮੱਧਯਮਾ ਸਿਮਰਨ–** ਜਦੋਂ ਈਸ਼ਵਰ ਦੇ ਨਾਮ ਦਾ ਉਚਾਰਣ ਸਾਡੇ ਕੰਠ (ਗਲੇ) 'ਚੋਂ ਨਿਕਲੇ।

**3. ਸੁਰਤੀ ਸਿਮਰਨ–** ਨਾਮੁ ਤੇ ਸੁਰਤੀ ਦੇ ਮੇਲ ਦੁਆਰਾ ਸਿਮਰਨ ਅਥਵਾ ਸ਼ਬਦ-ਸੁਰਤਿ ਦਾ ਅਭਿਆਸ।

**4. ਸਵਾਸ-ਸਵਾਸ ਸਿਮਰਨ-** ਉਹ ਅਵਸਥਾ ਜਦੋਂ ਉਠਦਿਆਂ-ਬਹਿੰਦਿਆਂ, ਖਾਂਦਿਆਂ-ਪੀਂਦਿਆਂ, ਸੁੱਤਿਆਂ-ਜਾਗਦਿਆਂ ਸਵਾਸ-ਸਵਾਸ 'ਨਾਮੁ' ਦਾ ਜਾਪੁ ਕੀਤਾ ਜਾਵੇ।

**5. ਪਸੰਤੀ (ਪਸ਼ਯੰਤੀ) ਸਿਮਰਨ ਅਥਵਾ ਹਿਰਦੈ ਸਿਮਰਨ-** ਜਦੋਂ ਯਕ-ਦਿਲ ਅਥਵਾ ਇਕ-ਮਨ ਇਕ-ਚਿੱਤ ਹੋ ਕੇ ਹਿਰਦੇ ਵਿਚੋਂ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਜਾਵੇ।

**6. ਅਜਪਾ ਜਾਪ-** ਤਨ-ਮਨ ਦੀ ਉਹ ਅਵਸਥਾ ਜਦੋਂ ਨਿਰ-ਯਤਨ ਹੀ ਨਾਮੁ-ਸਿਮਰਨ ਚਲਦਾ ਰਹੇ।

**7. ਅਨਹਤ ਨਾਦ-** ਇਹ ਉਹ ਅਵਸਥਾ ਹੈ ਜਦੋਂ ਨਾਮ ਅਭਿਆਸੀ ਦੇ ਅੰਦਰ ਬਿਨ੍ਹਾਂ ਸਾਜਾ ਤੋਂ ਹੀ ਨਾਮ-ਸਿਮਰਨ ਸੰਗੀਤਮਈ ਬਣ ਜਾਵੇ। ਰਾਗ ਸੋਰਠਿ ਅੰਦਰ ਭਗਤ ਨਾਮਦੇਵ ਜੀ ਨੇ ਇਸ ਅਵਸਥਾ ਨੂੰ 'ਬਿਨੁ ਸਾਵਣ ਘਨਹਰੁ ਗਾਜੈ' ਅਤੇ 'ਬਾਦਲ ਬਿਨੁ ਬਰਖਾ ਹੋਈ' ਅਲੰਕਾਰਾਂ ਰਾਹੀ ਪ੍ਰਗਟ ਕੀਤਾ ਹੈ।

**8. ਪਰਾ ਜਾਪ-** ਜਦੋਂ ਨਾਮ ਅਭਿਆਸੀ ਦੇ ਰੋਮ-ਰੋਮ ਵਿਚੋਂ 'ਨਾਮ' ਦੀ ਧ੍ਵਨੀ (ਧੁਨੀ) ਪ੍ਰਗਟ ਹੋਵੇ। ਇਹ ਅਵਸਥਾ ਨਾਮ-ਸਿਮਰਨ ਕਰਨ ਦੀ ਨਿਵੇਕਲੀ ਤੇ ਬਹੁਤ ਹੀ ਉੱਚੀ ਅਵਸਥਾ ਹੈ, ਜਿਸਨੂੰ 'ਪੂਰਨ ਸੰਤ' ਜਾਂ 'ਪੂਰਨ ਪੁਰਖੁ' ਹੀ ਪ੍ਰਾਪਤ ਕਰਦੇ ਵੇਖੇ-ਸੁਣੇ ਗਏ ਹਨ, ਜਿਨ੍ਹਾਂ ਬਾਬਤ ਗੁਰਬਾਣੀ ਇਹ ਸ਼ਾਹਦੀ ਭਰਦੀ ਹੈ-

"ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ॥
ਧੰਨ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ॥"

ਸ੍ਰੀ ਭੈਣੀ ਸਾਹਿਬ ਦੇ ਸਤਿਗੁਰਾਂ ਦੇ ਇਕ ਨਿਕਟਵਾਰਤੀ ਸਿੱਖ ਪਾਸੋਂ ਇਸ ਲੇਖਕ ਨੇ ਸੁਣਿਆ ਸੀ ਕਿ ਇਕ ਵਾਰ ਉਸਨੇ ਅੱਧੀ ਰਾਤ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਦੀ ਕੋਠੀ ਅੰਦਰੋਂ ਨਿਰੰਤਰ ਨਾਮੁ-ਸਿਮਰਨ ਕਰਨ ਦੀ ਧੁਨੀ ਸੁਣੀ ਜਦੋਂ ਸਤਿਗੁਰੂ ਜੀ ਬਿਰਾਜੇ (ਸੁੱਤੇ) ਹੋਏ ਸਨ ਤੇ ਉਹ ਅਚਾਨਕ ਹੀ ਕੋਠੀ ਅੰਦਰ ਗਿਆ ਸੀ। ਗੁਰਬਾਣੀ ਅੰਦਰ ਜ਼ਿਕਰ ਹੈ- 'ਸਤਿਗੁਰੁ ਜਾਗਤਾ ਹੈ ਦੇਉ॥' ਸਤਿਗੁਰ ਤਾਂ ਸਦਾ ਹੀ ਜਾਗਰਤ ਅਵਸਥਾ ਵਿਚ ਵਿਚਰਦਾ ਹੈ, ਦੇਖਣ ਨੂੰ ਭਾਵੇਂ ਉਹ ਸਾਨੂੰ ਸੁੱਤਾ ਹੋਇਆ ਹੀ ਕਿਉਂ ਨਾ ਨਜ਼ਰੀ ਪਵੇ। ਗੁਰੂ ਨਾਨਕ ਦੇ ਘਰ ਦੀ ਨੌਕਰਾਣੀ ਤੁਲਸਾਂ ਦੀ ਕਥਾ ਲਗਭਗ ਹਰ ਸਿੱਖ ਨੇ ਸੁਣੀ ਹੀ ਹੋਈ ਹੈ। ਗੁਰੂ ਨਾਨਕ ਦੇਵ ਜੀ ਸਰੀਰ ਪੱਖੋਂ ਸੁੱਤੇ ਹੋਏ ਵੀ ਸਮੁੰਦਰ ਵਿੱਚ ਸੰਗਲਾਦੀਪ (ਲੰਕਾ) ਵਿਖੇ ਕਿਸੇ ਪ੍ਰੇਮੀ ਸਿੱਖ ਦਾ ਬੇੜਾ ਬੰਨੇ ਲਾ ਰਹੇ ਸੀ। ਇਸੇ ਤਰਾਂ ਸਤਿਗੁਰੂ ਜਗਜੀਤ ਸਿੰਘ ਜੀ ਵੀ ਸੁੱਤਿਆਂ ਜਾਗਦਿਆਂ ਦੇਸ਼ਾਂ-ਪ੍ਰਦੇਸਾਂ ਵਿਚ ਅਕਸਰ ਵਿਚਰਦੇ ਰਹਿੰਦੇ ਸਨ।

**ਨਾਮੁ ਸਿਮਰਨ ਤੇ ਰਿੱਧੀਆਂ ਸਿੱਧੀਆਂ-**

ਗੁਰਬਾਣੀ ਅਨੁਸਾਰ ਰਿੱਧੀਆਂ-ਸਿਧੀਆਂ ਹਰੀ ਅਕਾਲ ਪੁਰਖੁ ਦੇ ਨਾਮੁ ਦੀਆਂ ਦਾਸੀਆਂ ਹਨ। ਨਾਮੁ ਸਿਮਰਨ ਦੇ ਵੱਡੇ ਅਭਿਆਸੀਆਂ, ਪੂਰਨ ਸੰਤਾਂ-ਮਹਾਂ-ਪੁਰਸ਼ਾਂ ਨੂੰ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਵਾਸਤੇ ਕੋਈ ਵਿਸ਼ੇਸ਼ ਤਪ, ਯਤਨ ਨਹੀਂ ਕਰਨੇ ਪੈਂਦੇ ਤੇ ਨਾ ਹੀ ਉਹ ਅਜਿਹਾ ਕੁਝ ਕਰਦੇ ਹਨ। ਉਨ੍ਹਾਂ ਦੇ ਜੀਵਨ ਦਾ ਮਨੋਰਥ ਤਾਂ ਕੇਵਲ ਪ੍ਰਭੂ ਤੇ ਉਹਦੇ ਸਭ ਜੀਵਾਂ ਨੂੰ ਪ੍ਰੇਮ ਕਰਦੇ ਹੋਏ ਨਿਰੰਕਾਰ ਨਾਲ ਇਕ-ਮਿੱਕ ਹੋਣਾ ਹੁੰਦਾ ਹੈ। ਰੱਬ ਮਿਲ ਗਿਆ ਤਾਂ ਸਭ ਕੁਝ ਪ੍ਰਾਪਤ ਹੋ ਗਿਆ। ਰਿਧੀਆਂ ਸਿੱਧੀਆਂ ਤਾਂ ਸੁਤੇ-ਸਿੱਧ ਹੀ ਉਨ੍ਹਾਂ ਦੇ ਦਰ ਦੀਆਂ ਬਰੂਹਾਂ 'ਤੇ ਦੋਵੇਂ ਹੱਥ ਜੋੜ, ਦਰਬਾਨ ਬਣ ਕੇ ਖੜ੍ਹੀਆਂ ਰਹਿੰਦੀਆਂ ਹਨ। ਉਹ ਜੋ ਕੁਝ ਵੀ ਚਿਤਵਦੇ ਹਨ, ਜੈਸਾ ਚਿਤਵਦੇ ਹਨ, ਤੁਰੰਤ ਪੂਰਾ ਹੋ ਜਾਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਅਕਸਰ ਆਖਿਆ ਕਰਦੇ ਸਨ- "ਵੱਡਾ ਕਾਕਾ (ਬੇਅੰਤ ਜੀ) ਸਰਬ ਕਲਾ ਸਮਰੱਥ ਹੈ, ਇਹ ਜੋ ਜੋ ਚਿਤਵੇਗਾ, ਪੂਰਾ ਹੋਏਗਾ।" ਸਤਿਗੁਰੂ ਜਗਜੀਤ ਸਿੰਘ ਜੀ ਨੇ ਜਦੋਂ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ ਤਾਂ ਪੰਥਕ-ਹਾਲਾਤ ਬੜੇ ਡਾਵਾਂਡੋਲ ਸਨ। ਆਪ ਜੀ ਨੇ ਕੇਵਲ ਤੁਫ਼ਾਨਾਂ ਨੂੰ ਹੀ ਨਹੀਂ ਠੱਲਿਆ, ਸਗੋਂ ਸਮਾਜਿਕ, ਆਰਥਿਕ, ਵਿਦਿਅਕ, ਮਾਇਕ-ਸਮਰਿਧੀ ਰਾਜਨੀਤਕ, ਆਤਮਿਕ ਤੇ ਆਚਰਣ ਪੱਖੋਂ ਵੀ ਆਪਣੇ ਪੰਥ ਨੂੰ ਮਜ਼ਬੂਤ ਕੀਤਾ। ਗਰੀਬ ਨਾਮਧਾਰੀਆਂ ਪਾਸੋਂ ਭਜਨ-ਬਾਣੀ, ਪਾਠ, ਵਰਨੀਆਂ ਆਦਿ ਕਰਵਾ-ਕਰਵਾ ਕੇ ਉਨ੍ਹਾਂ ਨੂੰ ਉੱਚੇਰੀ-ਵਿਦਿਆ, ਕਾਰਾਂ, ਕੋਠੀਆਂ ਤੇ ਫੈਕਟਰੀਆਂ ਦੇ ਮਾਲਿਕ ਬਣਾਇਆ ਤੇ ਸਾਰੇ ਸੰਸਾਰ ਅੰਦਰ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦਾ ਡੰਕਾ ਵਜਾਇਆ। ਇਹ ਸਭ ਕੁਝ ਸਤਿਗੁਰੂ ਜੀ ਦੇ ਦ੍ਰਿੜ ਇਰਾਦੇ

ਅਤੇ ਨਿਰੰਤਰ ਨਾਮ-ਸਿਮਰਨ ਕਰਨ-ਕਰਵਾਉਣ ਸਦਕਾ ਹੀ ਸੰਭਵ ਹੋ ਸਕਿਆ।

**ਨਿਸ਼ਕਾਮ ਨਾਮੁ ਸਿਮਰਨ–** ਚਾਰ ਪਦਾਰਥਾਂ (ਧਰਮ, ਅਰਥ, ਕਾਮ ਜਾਂ ਕਾਮਨਾ ਤੇ ਮੋਕਸ਼ ਜਾਂ ਮੁਕਤੀ) ਦੀ ਪ੍ਰਾਪਤੀ ਵਾਸਤੇ ਵੀ ਈਸ਼ਵਰ ਦੇ ਨਾਮ ਦਾ ਸਿਮਰਨ ਅਕਸਰ ਕੀਤਾ ਜਾਂਦਾ ਹੈ, ਜੋ ਸੰਸਾਰਿਕ ਤੇ ਗ੍ਰਹਿਸਤੀ ਮਨੁੱਖਾਂ ਵਾਸਤੇ ਕਿਸੇ ਹੱਦ ਤੱਕ ਜਾਇਜ਼ ਵੀ ਹੈ। ਪਰੰਤੂ ਸਭ ਤੋਂ ਉੱਤਮ ਉਹੀ ਨਾਮੁ ਸਿਮਰਨ ਹੈ ਜੋ ਨਿਸ਼ਕਾਮ ਹੋ ਕੇ ਕੀਤਾ ਜਾਵੇ। ਸ਼੍ਰੋਮਣੀ ਭਗਤ ਕਬੀਰ ਜੀ ਗੁਰਬਾਣੀ ਅੰਦਰ ਫੁਰਮਾਉਂਦੇ ਹਨ–

"ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ॥"

ਅਤੇ "ਸੁਰਗ ਨਰਕਿ ਤੇ ਮੈ ਰਹਿਓ
ਸਤਿਗੁਰ ਕੇ ਪ੍ਰਸਾਦਿ॥"
"ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ॥"

**ਸਰਬ ਰੋਗੁ ਕਾ ਅਉਖਧੁ ਨਾਮੁ–**

ਸਤਿਗੁਰੂ ਅਰਜਨ ਦੇਵ ਜੀ ਦੇ ਸ਼ਬਦ–

"ਮੇਰਾ ਬੈਦੁ ਗੁਰੂ ਗੋਬਿੰਦਾ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ॥"

ਅਨੁਸਾਰ ਪ੍ਰਭੂ ਦੇ ਨਾਮ ਸਿਮਰਨ ਦੇ ਅਭਿਆਸ ਦੁਆਰਾ ਹਰ ਤਰ੍ਹਾਂ ਦੇ ਕਸ਼ਟ-ਕਲੇਸ਼ਾਂ ਤੋਂ ਅਤੇ ਆਧਿ, ਬਿਆਧਿ, ਉਪਾਧਿ ਦੇ ਦੁੱਖਾਂ ਤੋਂ ਹੀ ਨਹੀਂ ਬਲਕਿ ਜਮਾਂ ਦੀ ਮਾਰ ਤੇ ਫ਼ਾਂਸੀ ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ। ਸਤਿਗੁਰੂ ਵੈਦਾਂ ਦਾ ਵੈਦ ਹੈ ਤੇ ਨਾਮੁ ਹੀ ਉਸਦੀ ਦਵਾ ਤੇ ਦੁਆ ਹੈ। ਯਥਾ–

ਦੁਖ ਭੰਜਨੁ ਤੇਰਾ ਨਾਮੁ ਜੀ
ਦੁਖ ਭੰਜਨੁ ਤੇਰਾ ਨਾਮੁ॥
ਆਠ ਪਹਰ ਆਰਾਧੀਐ
ਪੂਰਨ ਸਤਿਗੁਰ ਗਿਆਨ॥

**ਨਾਮ ਬਿਨਾ ਜੋ ਪਹਿਰੈ ਖਾਇ–** ਕਿਉਂਕਿ ਮਨੁੱਖਾ ਜਨਮ ਮਿਲਿਆ ਹੀ ਅਕਾਲਪੁਰਖ ਦਾ ਸਿਮਰਨ ਕਰਨ ਵਾਸਤੇ ਤੇ ਉਸਨੂੰ ਮਿਲਣ ਵਾਸਤੇ ਹੈ, ਇਸ ਕਾਰਨ ਜੋ ਪੂਰੇ ਸਤਿਗੁਰੂ ਦੀ ਸੰਗਤ ਤੋਂ ਪਰ੍ਹੇ-ਪਰ੍ਹੇ ਰਹਿ ਕੇ ਕੇਵਲ ਖਾਣ-ਹੰਢਾਉਣ ਤੇ ਮੌਜ-ਮਸਤੀ ਕਰਨ ਵਿਚ ਮਸਰੂਫ਼ ਰਹਿੰਦੇ ਹਨ। ਉਹ ਮਨੁੱਖ ਕੁੱਤੇ ਦੀ ਭਾਂਤੀ ਹਨ, ਜੋ ਜੂਠ ਖਾ-ਖਾ ਕੇ ਢਿੱਡ ਭਰਦੇ ਤੇ ਮਾਰ ਖਾਂਦੇ ਹਨ। ਜਿਨ੍ਹਾਂ ਨੇ ਪਰੀਪੂਰਣ ਪਰਮਾਤਮਾ ਨੂੰ ਵਿਸਾਰਿਆ ਹੋਇਆ ਹੈ, ਉਹ ਵੱਡੇ ਅਭਾਗੇ ਹਨ ਤੇ ਜਿਹੜੇ ਮਨੁੱਖ ਉਹਦੇ ਰੰਗ ਵਿਚ ਰੰਗੇ ਹੋਏ ਹਨ ਉਹੀ ਉੱਤਮ ਹਨ।

**ਨਾਮੁ ਖੁਮਾਰੀ ਨਾਨਕਾ–** ਈਸ਼ਵਰ ਦੇ ਨਾਮੁ ਦੀ ਖੁਮਾਰੀ ਜਿਨ੍ਹਾਂ ਮਨੁੱਖਾਂ ਨੂੰ ਚੜ੍ਹ ਜਾਂਦੀ ਹੈ, ਉਹ ਬਾਕੀ ਸਭ ਪ੍ਰਕਾਰ ਦੇ ਰਸਾਂ-ਕਸਾਂ ਤੋਂ ਸੁਤੰਤਰ ਹੋ ਜਾਂਦੇ ਹਨ। ਉਹ ਕੇਵਲ ਆਪਣੇ ਸਤਿਗੁਰੂ ਦੀ ਬੰਦੀ (ਹੁਕਮ) ਅੰਦਰ ਰਹਿ ਕੇ ਸਭ ਸੁੱਖਾਂ ਦਾ ਆਨੰਦ ਮਾਣਦੇ ਹਨ। ਨਾਮੁ ਦਾ ਰਸੁ, ਉਹ ਰਸ ਹੈ–

"ਰਾਮ ਰਸ ਪੀਆ ਰੇ॥
ਜਿਹ ਰਸ ਬਿਸਰੁ ਗਏ ਰਸ ਅਉਰ॥"

ਉਹ ਮਨੁੱਖ ਪ੍ਰਮਾਤਮਾ ਤੇ ਉਹਦੇ ਨਾਮੁ ਦੇ ਪਰੇਰੇ ਤੇ ਖਿੱਚੇ ਹੋਏ ਹਰ ਵਕਤ ਨਾਮ-ਸਿਮਰਨ ਦੀ ਖੁਮਾਰੀ ਵਿਚ ਹੀ ਰਹਿ ਕੇ ਅਤੀ-ਅਲੌਕਿਕ ਅਤੇ ਅਤੀ-ਵਿਸਮਾਦੀ ਆਨੰਦ ਦੀ ਅਵਸਥਾ ਨੂੰ ਮਾਣਦੇ ਹਨ। ਪਰੰਤੂ ਜੋ ਹਰੀ ਤੇ ਉਹਦੇ ਨਾਮ ਨੂੰ ਵਿਸਾਰ ਬੈਠਦੇ ਹਨ, ਉਹ ਜਣੇ-ਖਣੇ ਦੇ ਮੁਹਤਾਜ ਹੋ ਜਾਂਦੇ ਹਨ ਤੇ ਦਰ-ਦਰ ਦੀਆਂ ਹੀ ਨਹੀਂ ਜਨਮਾ-ਜਨਮਾਂਤਰਾਂ ਦੀਆਂ ਠੋਕਰਾਂ ਖਾਂਦੇ ਰਹਿੰਦੇ ਹਨ। ਜਿਨ੍ਹਾਂ ਨੇ ਆਪਣੇ ਆਪ ਨੂੰ ਪੂਰੇ ਤੇ ਸੱਚੇ ਸਤਿਗੁਰੂ ਦੇ ਸਪੁਰਦ ਕਰ ਦਿੱਤਾ, ਉਹ ਅਮਰ ਹੋ ਗਏ।

ਅੰਤ, ਸਾਨੂੰ ਭਗਤ ਕਬੀਰ ਜੀ ਦੇ ਇਸ ਸ਼ਬਦ ਨਾਲ ਸਹਿਮਤ ਹੋਣਾ ਹੀ ਆਵੱਸ਼ਕ ਹੋ ਜਾਂਦਾ ਹੈ–

ਕਬੀਰ ਸੋਈ ਮੁਖੁ ਧੰਨਿ ਹੈ
ਜਾ ਮੁਖਿ ਕਹੀਐ ਰਾਮ॥
ਦੇਹੀ ਕਿਸ ਕੀ ਬਾਪੁਰੀ
ਪਵਿਤ੍ਰੁ ਹੋਇਗੋ ਗ੍ਰਾਮ॥

**ਸੰਪਰਕ : 9599120028**

..............................................

# ਇੱਕ ਦਿਨ ਅਸਾਂ ਵੀ ਆਲਮਾ ਟੁਰ ਜਾਣਾ

**(ਮਾਸਟਰ ਦਰਸ਼ਨ ਸਿੰਘ ਜੀ ਨੂੰ ਯਾਦ ਕਰਦਿਆਂ)**

**-ਗੁਰਲਾਲ ਸਿੰਘ**

ਅੱਜ ਮੇਰੇ ਦਰਵਾਜ਼ੇ ਨੂੰ ਤਾਲਾ ਵੱਜਿਆਂ ਇੱਕ ਸਾਲ ਬੀਤ ਗਿਐ। ਮੈਨੂੰ ਅੱਜ ਵੀ ਉਹ ਦਿਨ ਯਾਦ ਐ, ਜਦੋਂ ਮਾਲਕ ਨੇ ਆਖਰੀ ਵਾਰ ਤਾਲਾ ਲਾਇਆ ਸੀ। ਕਿੰਨੇ ਸੁਹਾਵਣੇ ਦਿਨ ਸੀ, ਜਦੋਂ ਮਾਲਕ ਨੂੰ ਮਿਲਣ ਆਉਣ ਵਾਲਿਆਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ।

ਮੈਂ ਦੋ ਕਮਰਿਆਂ ਵਾਲਾ ਮਕਾਨ ਸੀ। ਆਪਣੇ ਆਪ ਨੂੰ ਕਿਸੇ ਸ਼ਾਹੀ ਮਹੱਲ ਤੋਂ ਘੱਟ ਨਾ ਸਮਝਦਾ। ਅੱਜ ਮੇਰੇ ਕੋਲੋਂ ਲੰਘਦੇ ਰਾਹੀ ਮੈਨੂੰ ਨਜ਼ਰ ਭਰ ਵੇਖਦੇ ਵੀ ਨਹੀਂ। ਹਾਂ, ਕਦੀ-ਕਦੀ ਕੋਈ ਮੇਰੇ ਮਾਲਕ ਨਾਲ ਸਨੇਹ ਰੱਖਣ ਵਾਲਾ ਮੇਰੇ ਦਰਵਾਜ਼ੇ ਸਾਹਮਣੇ ਉੱਗੇ ਘਾਹ ਨੂੰ ਤੱਕ ਮੇਰੇ ਵੱਲ ਤਰਸ ਦੀਆਂ ਨਿਗਾਹ ਨਾਲ ਵੇਖਦਾ ਅਤੇ ਅੱਗੇ ਲੰਘ ਜਾਂਦਾ। ਲੋਕ ਮੈਨੂੰ 'ਮਾਸਟਰ ਜੀ ਵਾਲਾ ਘਰ' ਕਹਿੰਦੇ। ਇਹ ਨਾਮ ਸੁਣ ਮੇਰੀਆਂ ਕੰਧਾਂ ਮਾਣ ਅਤੇ ਖੁਸ਼ੀ ਨਾਲ ਪੱਬਾਂ ਭਾਰ ਹੋ ਗਿੱਠ-ਗਿੱਠ ਹੋਰ ਉੱਚੀਆਂ ਹੋ ਜਾਂਦੀਆਂ।

ਮੈਂ ਗੁਜ਼ਰੇ ਜ਼ਮਾਨੇ ਬਾਰੇ ਸੋਚਣ ਲੱਗ ਜਾਂਦਾ। ਇਹ ਇੱਕ ਦਹਾਕਾ ਪਹਿਲਾਂ ਦੀ ਗੱਲ ਹੈ। ਜਦੋਂ ਉਸ ਨੇ ਅਚਾਨਕ ਆ ਮੇਰਾ ਬੂਹਾ ਖੋਲ੍ਹਿਆ ਅਤੇ ਨਾਲ ਆਏ ਮੁੰਡੇ ਸਾਮਾਨ ਟਿਕਾਉਣ ਲੱਗੇ। ਇਹ ਨਵਾਂ ਮਾਲਕ ਉਮਰ ਪੱਖੋਂ ਭਾਵੇਂ ਬਜ਼ੁਰਗ ਜਾਪਦਾ ਸੀ, ਪਰ ਲਾਲ ਸੂਹਾ ਹਸੂੰ-ਹਸੂੰ ਕਰਦਾ ਚਿਹਰਾ, ਦਰਮਿਆਨਾ ਕੱਦ, ਸੁਡੌਲ ਸਰੀਰ, ਬੋਲਚਾਲ ਵਲੋਂ ਬਿਲਕੁਲ ਜਵਾਨ ਸੀ।

ਨਾਲ ਆਏ ਮੁੰਡੇ ਮਾਲਕ ਨੂੰ ਮਾਸਟਰ ਜੀ! ਮਾਸਟਰ ਜੀ! ਕਹਿ ਸੰਬੋਧਨ ਕਰਦੇ ਸੀ। ਉਸ ਦੀ ਪਾਰਖੂ ਨਿਗਾਹ ਤੋਂ ਮੇਰੀਆਂ ਕਮੀਆਂ ਤੇ ਗੁਣ ਛਿਪੇ ਨਾ ਰਹੇ ਤੇ ਉਸ ਕਿਸੇ ਮੋਹਤਬਰ ਬੰਦੇ ਨੂੰ ਕਮੀਆਂ ਸੁਧਾਰਨ ਲਈ ਕਿਹਾ। ਮੇਰੇ ਮੂਹਰਲੇ ਕਮਰੇ ਨੂੰ ਉਸ ਮੁੱਖ ਕਮਰੇ ਵੱਜੋਂ ਚੁਣਿਆ। ਉਸ ਵਿੱਚ ਇੱਕ ਸਿੰਗਲ ਬੈੱਡ, ਨਾਲ ਮੰਜੀ ਤੇ ਨੱਕੋ-ਨੱਕ ਕਿਤਾਬਾਂ ਨਾਲ ਭਰੀ ਅਲਮਾਰੀ ਰੱਖੀ ਗਈ, ਦੋ ਕੁਰਸੀਆਂ ਜੋ ਆਏ ਮਹਿਮਾਨਾਂ ਲਈ ਪੇਸ਼ ਕੀਤੀਆਂ ਜਾਂਦੀਆਂ। ਅਲਮਾਰੀ ਵਿੱਚ ਉਸ ਮਿਲੇ ਹੋਏ ਸਨਮਾਨ ਟਿਕਾ ਦਿੱਤੇ। ਮੈਂ ਕਿੰਨਾ ਸਮਾਂ ਨਿਹਾਰਦਾ ਰਿਹਾ ਮੇਰਾ ਨਵਾਂ ਮਾਲਕ ਹੈ ਤੇ ਕੋਈ ਗੁਣੀ ਵਿਅਕਤੀ। ਮਾਲਕ ਕੋਲ ਬਹੁਤਾ ਸਾਮਾਨ ਨਹੀਂ ਸੀ। ਰਸੋਈ ਵਿੱਚ ਵੀ ਜ਼ਰੂਰਤ ਮੁਤਾਬਕ ਹੀ। ਜ਼ਿਆਦਾ ਸਮਾਂ ਮਾਲਕ ਦਾ ਕਿਤਾਬਾਂ ਨਾਲ ਗੁਜ਼ਰਦਾ ਪਤਾ ਨਹੀਂ ਕੀ ਪੜ੍ਹਦਾ ਰਹਿੰਦਾ, ਬੱਸ ਦੁਪਹਿਰ ਕੁੱਝ ਸਮਾਂ ਆਰਾਮ ਕਰਦਾ। ਰੋਜ਼ ਉਸਨੂੰ ਕੋਈ ਨਾ ਕੋਈ ਜ਼ਰੂਰ ਮਿਲਣ ਆਉਂਦਾ ਔਰਤ, ਮਰਦ, ਬੱਚੇ ਨਿਰਸੰਕੋਚ ਬਾਹਰੋਂ ਆਵਾਜ਼ ਮਾਰਦੇ "ਮਾਸਟਰ ਜੀ! ਮਾਸਟਰ ਜੀ!" ਕਹਿ ਦਾਖਲ ਹੁੰਦੇ।

"ਹਾਂ ਜੀ... ਹਾਂ ਜੀ... ਆਜੋ, ਲੰਘ ਆਓ", ਮਾਲਕ ਜਵਾਬ ਦੇਂਦਾ।

ਆਏ ਮਹਿਮਾਨ ਦੀ ਆਉ ਭਗਤ ਲਈ ਮਾਲਕ ਕੁਝ-ਨਾ-ਕੁਝ ਖਾਣ ਲਈ ਲੈ ਆਉਂਦਾ। ਹਾਂ ਸੱਚ! ਮਾਲਕ ਖਾਣ ਵਾਲੀਆਂ ਚੀਜ਼ਾਂ ਜ਼ਰੂਰ ਸਾਂਭ ਕੇ ਰੱਖਦਾ। ਕਈ ਵਾਰ ਰੱਖ ਕੇ ਚੇਤਾ ਨਾ ਰਹਿੰਦਾ ਅਤੇ ਜਦੋਂ ਕੋਈ ਅਚਨਚੇਤ ਮਿਲਣ ਆਉਂਦਾ ਤਾਂ ਵੇਖ ਲੱਭ ਪਰੋਸ ਦਿੰਦਾ। ਖਾਣ ਵਾਲਾ ਜੇ ਨਵਾਂ ਹੁੰਦਾ ਤਾਂ ਚੁੱਪ ਕਰਕੇ ਥੋੜ੍ਹੀ ਖਾ ਛੱਡ ਜਾਂਦਾ। ਜੇ ਕੋਈ ਭੇਤੀ ਹੁੰਦਾ ਤਾਂ ਕਹਿੰਦਾ, "ਮਾਸਟਰ ਜੀ! ਖਰਾਬ ਐ"

"ਅੱਛਾ ਮੈਂ ਤਾਂ ਕੱਲ੍ਹ ਦੇਖੀ ਸੀ। ਚੰਗੀ ਸੀ। ਹੋ ਗਈ ਹੋਣੀ ਏ ਖਰਾਬ, ਗਰਮੀ ਬੜੀ ਏ" ਮਾਸਟਰ ਜੀ ਝੂਠ ਵੀ ਨਾ ਬੋਲਦੇ ਮਹਿਮਾਨ ਨੂੰ ਵੀ ਸਮਝ ਨਾ ਆਉਂਦੀ ਕਿ ਵੇਖਣ ਨਾਲ ਚੀਜ਼ ਦਾ ਨਹੀਂ ਪਤਾ ਲੱਗਦਾ, ਖਾਣ ਨਾਲ ਲੱਗਦਾ ਹੈ।

ਕਈ ਬੱਚੇ ਤਾਂ ਸਿਰਫ਼ ਖਾਣ ਲਈ ਹੀ ਆਉਂਦੇ ਚੀਜ਼ ਮਿਲਦਿਆਂ ਹੀ, "ਚੰਗਾ ਮਾਸਟਰ ਜੀ!" ਕਹਿ ਦੌੜ ਜਾਂਦੇ। ਕਈ ਔਰਤਾਂ ਆਪਣੇ ਘਰ ਦੇ ਸਾਰੇ ਦੁੱਖ-ਸੁੱਖ ਸਾਂਝੇ ਕਰ ਜਾਂਦੀਆਂ। ਜਿਸ ਤੋਂ ਉਹ ਦੁਖੀ ਹੁੰਦੀਆਂ ਮਾਲਕ ਨੂੰ ਉਸ ਦਾ ਨਾਮ ਦੱਸ ਕਹਿੰਦੀਆਂ, "ਜੇ ਮਿਲਿਆ ਤਾਂ ਸਮਝਾਇਓ।"

"ਮੈਂ ਸਮਝਾਵਾਂਗਾ" ਕਹਿ ਮਾਲਕ ਸ਼ਕਾਇਤ ਕਰਤਾ ਨੂੰ ਤਸੱਲੀ ਦਿੰਦਾ।

ਕਈ ਵੱਡੇ-ਵੱਡੇ ਗ੍ਰੰਥ ਲੈ ਕੇ ਆਉਂਦੇ ਅਤੇ ਮਾਲਕ ਨਾਲ ਸਿਰ ਜੋੜ ਲੈਂਦੇ, ਕਿੰਨਾ-ਕਿੰਨਾ ਸਮਾਂ ਬੈਠੇ ਰਹਿੰਦੇ, "ਚੱਲੋ, ਹੁਣ ਕੱਲ੍ਹ ਕਰ ਲਵਾਂਗੇ" ਕਹਿ ਉੱਠ ਪੈਂਦੇ। ਕਦੀ-ਕਦੀ ਕੋਈ ਮਹਿਮਾਨ ਰਾਤ ਠਹਿਰਨ ਵਾਲਾ ਵੀ ਆ ਜਾਂਦਾ, ਪਰ ਇਹ ਬਹੁਤ ਘੱਟ ਹੀ ਹੁੰਦਾ। ਮਾਲਕ ਨੂੰ ਜਦੋਂ ਕੋਈ ਜ਼ਰੂਰੀ ਫ਼ੋਨ ਆਉਂਦਾ ਤਾਂ ਉਹ ਮੇਰੇ 'ਤੇ ਵੀ ਵਿਸ਼ਵਾਸ ਨਾ ਕਰਦਾ ਉੱਠ ਬਾਹਰ ਸੜ੍ਹਕ 'ਤੇ ਚਲਾ ਜਾਂਦਾ, ਪਰ ਫਿਰ ਵੀ ਉਸ ਦੀਆਂ ਉੱਚੀ-ਉੱਚੀ ਕੀਤੀਆਂ ਗੱਲਾਂ ਮੇਰੀਆਂ ਕੰਧਾਂ ਸੁਣ ਲੈਂਦੀਆਂ। ਕੀ ਮੇਰੀਆਂ ਕੰਧਾਂ, ਕੀ ਆਂਢ ਗੁਆਂਢ ਅਤੇ ਕੀ ਆ ਜਾ ਰਹੇ ਰਾਹੀ, ਸਭ ਨੂੰ ਸੁਣਦੀਆਂ। ਇਹ ਮਾਲਕ ਦਾ ਭੋਲਾਪਨ ਸੀ ਕਿ ਉਹ ਕਿਸੇ ਗੱਲ ਨੂੰ ਛੁਪਾ ਨਹੀਂ ਸੀ ਸਕਦਾ।

ਮਾਲਕ ਨੂੰ ਜੇ ਕੋਈ ਸਾਰੇ ਦਿਨ ਦੇ ਆਹਰ ਬਾਰੇ

ਪੁੱਛਦਾ ਤਾਂ ਮਾਲਕ ਉਸ ਨੂੰ ਇੱਕੋ ਸਾਹੇ ਦਿਨ-ਚਰਿਆ ਇਸ ਤਰ੍ਹਾਂ ਦੱਸਦਾ ਕਿ "ਸਵੇਰੇ ਮੈਂ ਵਾਰ 'ਚੋਂ ਆ ਦੁੱਧ ਲਿਆ, ਗਰਮ ਕਰ, ਅਖ਼ਬਾਰ ਪੜ੍ਹਨ ਇੱਕ ਨੰਬਰ ਗੇਟ 'ਤੇ ਜਾਂਦਾ, ਦੱਸ ਤੋਂ ਬਾਰਾਂ ਵੱਜੇ ਤੱਕ ਆਰਾਮ ਕਰਦਾ, ਫਿਰ ਮੇਰੇ ਕੋਲ ਨੌਜਵਾਨ ਆਉਂਦੇ ਨੇ ਪਾਠ ਸਿੱਖਣ ਵਾਲੇ, ਉਹਨਾਂ ਦੀ ਕਲਾਸ ਤੋਂ ਬਾਅਦ ਮੈਂ ਨਿੱਤਨੇਮ ਚਲਿਆ ਜਾਂਦਾ ਹਾਂ, ਓਥੋਂ ਆਉਂਦਿਆਂ ਮੈਂ ਰਸੋਈ ਵਿੱਚੋਂ ਪ੍ਰਸ਼ਾਦਾ ਛਕ ਕੇ, ਘਰ ਆ ਥੋੜ੍ਹਾ ਪੜ੍ਹ ਲੈਂਦਾ, ਏਨੇ ਨੂੰ ਪਾਠ ਸਿੱਖਣ ਵਾਲੀਆਂ ਲੜਕੀਆਂ ਦੀ ਕਲਾਸ ਲਾਉਣ ਚਲਿਆ ਜਾਂਦਾ ਹਾਂ। ਛੇ ਵਜੇ ਘਰ ਆ ਨੀਂਦ ਆਉਣ ਤੱਕ ਮੈਂ ਪੜ੍ਹ ਲੈਂਦਾ ਜਾਂ ਕੁਝ ਸੁਣ ਲੈਂਦਾ ਹਾਂ।"

ਮੈਂ ਵੇਖਿਆ ਜਦੋਂ ਐਤਵਾਰ ਸ਼ਾਮ ਦਾ ਵਕਤ ਹੁੰਦਾ ਤਾਂ ਮਾਲਕ ਫ਼ੋਨ 'ਚੋਂ ਕਈਆਂ ਦੇ ਨਾਂ ਲੱਭ-ਲੱਭ ਨੰਬਰ ਲਾਉਂਦਾ ਇੱਕੋ ਸਵਾਲ ਸਾਰਿਆਂ ਤੋਂ ਪੁੱਛਦਾ, "ਹੁਣ ਆਵੇਂਗਾ ਸਵੇਰੇ?.. ਹਾਂ ਟਾਈਮ ਨਾਲ ਆ ਜਾਵੀਂ"

ਕਈ ਵਾਰ ਅੱਗੋਂ ਜਵਾਬ ਮਿਲਦਾ, "ਮੈਂ ਨਹੀਂ ਮਾਸਟਰ ਜੀ ਆ ਸਕਦਾ ਸਵੇਰੇ, ਕਿਤੇ ਜਾਣਾ ਹੈ।"

"ਕਿੱਥੇ ਜਾਣਾ ਏ?"

"ਫਲਾਣੇ ਪਿੰਡ ਵਾਲਾ ਬਾਪੂ ਮਰ ਗਿਐ, ਸਸਕਾਰ ਕਰਾਉਣ ਜਾਣਾ ਏ"

"ਮਾਂ...ਈ.... ਲੋਕਾਂ ਨੇ ਵੀ ਅੱਜ ਦੇ ਦਿਨ ਹੀ ਮਰਨਾ ਹੁੰਦੈ" ਕਹਿ ਮਾਲਕ ਫੋਨ ਕੱਟ ਦਿੰਦਾ।

ਸੋਮਵਾਰ ਸਵੇਰੇ ਮਾਲਕ ਜਲਦੀ ਉੱਠਦਾ ਇਸ਼ਨਾਨ ਕਰ ਸ਼ਰਦਾਈ ਬਣਾ ਕੇ ਪੀਂਦਾ ਤੇ ਫਿਰ ਫ਼ੋਨ ਫੜ੍ਹ, ਨੰਬਰ ਡਾਇਲ ਕਰਦਾ ਅਤੇ ਪੁੱਛਦਾ, "ਉੱਠ ਗਿਆ ਏਂ?"

ਜੇ ਜਵਾਬ 'ਹਾਂ ਜੀ' ਹੁੰਦਾ ਤਾਂ ਕਹਿੰਦਾ "ਘਰ ਆ ਜਾ ਸਾਜ ਲੈ ਕੇ ਜਾਣੇ ਨੇ।" ਜੇ ਕੋਈ ਫ਼ੋਨ ਨਾ ਚੁੱਕਦਾ ਤਾਂ ਬੁੜਬੁੜਾਉਂਦਾ ਹੋਇਆ ਕਹਿੰਦਾ, "ਇੱਕ ਦਿਨ ਹੁੰਦਾ ਏ ਵਾਰੇ ਦਾ, ਉਸ ਦਿਨ ਵੀ ਟਾਈਮ ਨਾਲ ਨਹੀਂ ਉੱਠ ਸਕਦੇ।"

ਕਈ ਵਾਰ ਨੌਜਵਾਨ ਮੁੰਡੇ ਮਾਸਟਰ ਜੀ! ਮਾਸਟਰ ਜੀ! ਕਹਿ ਅੰਦਰ ਬੈਠ ਜਾਂਦੇ। ਪਿੱਛੋਂ ਕਿਸੇ ਨੂੰ ਭੇਜ ਕਈ ਤਰ੍ਹਾਂ ਦੇ ਨਵੇਂ-ਨਵੇਂ ਪਕਵਾਨ ਲੈ ਆਉਂਦੇ। ਮਾਲਕ ਵੀ ਸੁਆਦ ਲਾ ਲਾ ਨਾਲ ਖਾਂਦਾ ਤੇ ਹੱਸ- ਹੱਸ ਗੱਲਾਂ ਕਰਦੇ ਦੀ ਉਮਰ ਮੈਨੂੰ ਪੱਚੀ-ਛੱਬੀ ਸਾਲ ਲੱਗਦੀ। ਪਰ ਕਦੀ-ਕਦੀ ਕੋਈ ਸਿਆਣੀ ਉਮਰ ਦੇ ਲੋਕ ਆ ਜਾਂਦੇ, ਜਿਨ੍ਹਾਂ ਨੂੰ ਮਾਲਕ ਰੋਟੀ ਪਚਾਉਣ ਦੇ ਦੇਸੀ ਨੁਸਖੇ ਦੱਸਦਾ ਅਤੇ ਪੁੱਛਦਾ, ਉਸ ਸਮੇਂ ਮੈਨੂੰ ਮਾਲਕ ਦੀ ਵਡੇਰੀ ਉਮਰ ਦਾ ਅਹਿਸਾਸ ਹੁੰਦਾ।

ਇੱਕ ਦਿਨ ਮਾਲਕ ਨੂੰ ਕਿਸੇ ਨੇ ਦੱਸਿਆ ਤੁਹਾਡੇ ਲਈ ਜੋ ਨਵਾਂ ਘਰ ਬਣ ਰਿਹਾ ਹੈ, ਉਸ ਵਿੱਚ ਆਪਣੀ ਸਹੂਲਤ ਮੁਤਾਬਿਕ ਚੀਜ਼ਾਂ ਲਵਾ ਲਵੋ। ਮੈਨੂੰ ਇਹ ਸੁਣ ਬੜਾ ਦੁੱਖ ਹੋਇਆ ਕਿ ਮਾਲਕ ਮੈਨੂੰ ਛੱਡ ਰਿਹਾ ਹੈ। ਕੁਝ ਦਿਨ ਮਾਲਕ ਬੁਝੇ ਦਿਲ ਨਾਲ ਮਿਸਤਰੀਆਂ ਨੂੰ ਦੱਸ-ਦੱਸ ਕੰਮ ਕਰਵਾਉਣ ਜਾਂਦਾ ਰਿਹਾ। ਫਿਰ ਇੱਕ ਦਿਨ ਪਤਾ ਨਹੀਂ ਕੀ ਮਨ 'ਚ ਆਇਆ? ਚਿੰਤਾ ਨਾਲ ਸਾਰੀ ਰਾਤ ਨਹੀਂ ਸੁੱਤਾ। ਸਵੇਰੇ ਇੱਕ ਹੋਰ ਦਾਨਾ ਪੁਰਸ਼ ਆਇਆ ਉਸ ਨੂੰ ਮਾਲਕ ਨੇ ਕਿਹਾ, "ਮੈਂ ਇਹ ਘਰ ਨਹੀਂ ਛੱਡਣਾ ਪਤਾ ਨਹੀਂ ਜ਼ਿੰਦਗੀ ਦੇ ਕਿੰਨੇ ਕੁ ਦਿਨ ਨੇ, ਪਰ ਮੇਰਾ ਨਵੇਂ ਘਰ ਜਾਣ ਨੂੰ ਮਨ ਨਹੀਂ ਕਰਦਾ।"

ਉਸ ਦਾਨੇ ਪੁਰਸ਼ ਨੇ ਤਸੱਲੀ ਦਿੱਤੀ ਕਿ "ਮਾਸਟਰ ਜੀ ਆਪਾਂ ਪ੍ਰਬੰਧਕਾਂ ਨੂੰ ਕਹਿ ਦਿੰਦੇ ਆ, ਨਵਾਂ ਘਰ ਤੁਸੀਂ ਕਿਸੇ ਹੋਰ ਨੂੰ ਦੇ ਦਿਓ।"

ਇਹ ਗੱਲਾਂ ਕਈ ਦਿਨ ਚੱਲਦੀਆਂ ਰਹੀਆਂ ਮਾਲਕ ਮੈਨੂੰ ਛੱਡ ਕੇ ਜਾਣ ਲਈ ਕਿਸੇ ਤਰ੍ਹਾਂ ਵੀ ਰਾਜ਼ੀ ਨਹੀਂ ਸੀ। ਰਾਤ ਬੇ-ਚੈਨੀ ਤੇ ਉਦਾਸੀ ਵਿੱਚ ਗੁਜ਼ਰਦੀ। ਕੁਝ ਦਿਨਾਂ ਬਾਅਦ ਉਹ ਦਾਨਾ ਪੁਰਸ਼ ਫਿਰ ਆਇਆ ਅਤੇ ਕਹਿਣ ਲੱਗਾ, "ਮਾਸਟਰ ਜੀ! ਤੁਸੀਂ ਇੱਥੇ ਹੀ ਰਹੋਗੇ ਸਾਰੀ ਗੱਲ ਹੋ ਗਈ ਏ। ਜੋ ਸ਼ਖ਼ਸ਼ ਇਸ ਘਰ ਵਿੱਚ ਆ ਰਿਹਾ ਸੀ ਉਹ ਨਵੇਂ ਬਣੇ ਘਰ ਵਿੱਚ ਜਾਵੇਗਾ।"

ਮਾਲਕ ਦੇ ਚਿਹਰੇ 'ਤੇ ਕਈ ਦਿਨਾਂ ਬਾਅਦ ਖੁਸ਼ੀ ਦੀ ਲਹਿਰ ਉੱਠੀ, ਜੋ ਮੈਨੂੰ ਸਕੂਨ ਨਾਲ ਭਰ ਗਈ। ਦਿਨ ਫਿਰ ਖ਼ੁਸ਼ੀ-ਖ਼ੁਸ਼ੀ ਲੰਘਣ ਲੱਗੇ। ਇੱਕ ਰਾਤ ਮਾਲਕ ਦੇ ਦਿਲ ਕੋਲੋਂ ਪੀੜ ਉੱਠੀ, ਜਿਸ ਨੇ ਸਾਰੀ ਰਾਤ ਉਸ ਨੂੰ ਸੌਣ ਨਹੀਂ ਦਿੱਤਾ। ਸਵੇਰੇ ਮਾਲਕ ਨੇ ਕਿਸੇ ਆਪਣੇ ਨੂੰ ਫ਼ੋਨ ਲਾਇਆ ਅਤੇ ਰਾਤ ਦੀ ਅਵਾਜ਼ਾਰੀ ਦੱਸੀ। ਸੁਣ ਉਸ ਕਿਹਾ, "ਤੁਸੀਂ ਮੇਰੇ ਕੋਲ ਚੰਡੀਗੜ੍ਹ ਆ ਜਾਓ, ਟੈਸਟ ਕਰਵਾ ਲੈਂਦੇ ਹਾਂ।"

ਮਾਲਕ ਨੇ ਕਿਸੇ ਗੱਡੀ ਵਾਲੇ ਨੂੰ ਸੱਦਿਆ। ਸਾਰੀ ਰਸੋਈ ਦੀ ਸਫ਼ਾਈ ਕਰ ਲਾਈਟਾਂ, ਬਾਰੀਆਂ, ਬੂਹੇ ਬੰਦ ਕੀਤੇ ਤੇ ਬਾਹਰ ਵਾਲੇ ਗੇਟ ਕੋਲ ਪਹੁੰਚ ਮਾਲਕ ਦੇ ਮਨ 'ਚ ਪਤਾ ਨਹੀਂ ਕੀ ਆਇਆ, ਫਿਰ ਬੂਹਾ ਖੋਲ ਅੰਦਰ ਆ ਗਿਆ ਤੇ ਜੁੱਤੀ ਲਾਹ ਕਿੰਨਾ ਸਮਾਂ ਹੱਥ ਜੋੜ ਅਰਦਾਸ ਕਰਦਾ ਰਿਹਾ। ਫਿਰ ਧਰਤੀ ਨੂੰ ਹੱਥ ਲਾ ਬਾਹਰ ਵਿਹੜੇ 'ਚ ਆ ਉੱਚੀ ਨਜ਼ਰ ਕਰ ਮੈਨੂੰ ਚੰਗੀ ਤਰ੍ਹਾਂ ਨਿਹਾਰਿਆ। ਬਾਹਰਲੇ ਗੇਟ ਨੂੰ ਤਾਲਾ ਮਾਰ ਗੱਡੀ 'ਚ ਬੈਠ ਡਰਾਈਵਰ ਨੂੰ ਕਿਹਾ, "ਪਤਾ ਨਹੀਂ ਦੁਬਾਰਾ ਆ ਖੋਲ੍ਹਣਾ ਹੈ, ਜਾਂ ਨਹੀਂ"

ਤੇ ਨਾਲ ਹੀ ਇਕ ਪੁਰਾਣਾ ਗੀਤ ਯਾਦ ਕਰ ਗੁਣਗੁਣਾਉਣ ਲੱਗਾ-

"ਇੱਕ ਦਿਨ ਅਸਾਂ ਵੀ ਆਲਮਾ ਟੁਰ ਜਾਣਾ
ਕੁੰਡਾ ਮਾਰ ਕੇ ਇਨ੍ਹਾਂ ਹਵੇਲੀਆਂ ਦਾ।"

..............................................

# ਅੰਦਾਜ਼-ਏ-ਬਿਆਂ ਔਰ : ਰਾਹਤ ਇੰਦੌਰੀ

**-ਭਜਨ**

ਉਰਦੂ ਦੇ ਪ੍ਰਸਿੱਧ ਸ਼ਾਇਰ ਰਾਹਤ ਇੰਦੌਰੀ ਦਾ ਪਿਛਲੇ ਮਹੀਨੇ 11 ਅਗਸਤ 2020 ਈ. ਨੂੰ ਅਚਾਨਕ ਚਲੇ ਜਾਣਾ, ਜਿੱਥੇ ਬਹੁਤ ਦੁੱਖਦਾਈ ਹੈ, ਉੱਥੇ ਉਨ੍ਹਾਂ ਦਾ ਵਿਛੋੜਾ ਉਰਦੂ ਮੁਸ਼ਾਇਰਿਆਂ ਨੂੰ ਬਹੁਤ ਵੱਡਾ ਘਾਟਾ ਹੈ। ਜੇ ਇਹ ਵੀ ਕਹਿ ਲਿਆ ਜਾਏ ਕਿ ਉਰਦੂ ਮੁਸ਼ਾਇਰਾ ਸਟੇਜਾਂ ਦਾ ਇੱਕ ਯੁੱਗ ਸਮਾਪਤ ਹੋ ਗਿਆ ਹੈ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਰਾਹਤ ਇੰਦੌਰੀ ਜਿੱਥੇ ਇੱਕ ਨਿਧੜਕ ਅਤੇ ਸੰਜੀਦਾ ਸ਼ਾਇਰ ਸਨ, ਉੱਥੇ ਮੁਸ਼ਾਇਰਿਆਂ ਵਿੱਚ ਕਵਿਤਾ ਪੜ੍ਹਨ ਦਾ ਉਨ੍ਹਾਂ ਦਾ ਅੰਦਾਜ਼ ਬਹੁਤ ਹੀ ਰੌਚਿਕ ਅਤੇ ਦਿਲਚਸਪ ਸੀ। ਉਹ ਆਪਣੇ ਸਰੋਤਿਆਂ ਵਿੱਚ ਕਵਿਤਾ ਪੜ੍ਹਨ ਦੇ ਵੱਖਰੇ ਅੰਦਾਜ਼ ਕਰਕੇ ਜ਼ਿਆਦਾ ਮਕਬੂਲ ਸਨ। ਜਦੋਂ ਰਾਹਤ ਸਾਹਿਬ ਕਿਸੇ ਮੁਸ਼ਾਇਰੇ ਵਿੱਚ ਕਵਿਤਾ ਪੜ੍ਹ ਰਹੇ ਹੁੰਦੇ ਤਾਂ ਉਨ੍ਹਾਂ ਦੇ ਬੋਲਾਂ ਨਾਲ ਉਸ ਸਭਾ ਦਾ ਐਸਾ ਜਾਦੂਈ ਮਾਹੌਲ ਬਣ ਜਾਂਦਾ, ਜੋ ਸਰੋਤਿਆਂ ਨੂੰ ਆਪ-ਮੁਹਾਰੀ ਅਸ਼-ਅਸ਼ ਕਰਨ ਤੋਂ ਨਾ ਰੋਕ ਸਕਦਾ।

ਰਾਹਤ ਇੰਦੌਰੀ ਦਾ ਜਨਮ 1 ਜਨਵਰੀ 1950 ਈ. ਨੂੰ ਇੱਕ ਕੱਪੜਾ ਮਿੱਲ ਦੇ ਕਰਮਚਾਰੀ ਰਫਤੁੱਲਾ ਕੁਰੈਸ਼ੀ ਦੇ ਘਰ ਮਕਬੂਲ-ਉੱਲ-ਨਿਸਾ ਬੇਗ਼ਮ ਦੀ ਕੁੱਖੋਂ ਹੋਇਆ। ਰਾਹਤ ਦੀ ਸ਼ੁਰੂਆਤੀ ਸਿੱਖਿਆ ਨੂਤਨ ਸਕੂਲ ਇੰਦੌਰ ਤੋਂ ਹੋਈ। ਇਸਲਾਮੀਆ ਕਰੀਮੀਆ ਕਾਲਜ ਇੰਦੌਰ ਤੋਂ ਉਨ੍ਹਾਂ ਨੇ ਬੈਚੂਲਰ ਦੀ ਪੜ੍ਹਾਈ ਪੂਰੀ ਕੀਤੀ, ਫਿਰ ਬਰਕਤ ਉੱਲਾਹ ਯੂਨੀਵਰਸਿਟੀ ਭੋਪਾਲ ਤੋਂ 1975 ਈ. ਵਿੱਚ ਉਰਦੂ ਸਾਹਿਤ ਵਿੱਚ ਐਮ. ਏ. ਕੀਤੀ। ਉਸ ਤੋਂ ਮਗਰੋਂ 1985 ਈ. ਵਿੱਚ ਮੱਧ ਪ੍ਰਦੇਸ਼ ਦੀ ਭੋਜ ਮੁਕਤ ਯੂਨੀਵਰਸਿਟੀ ਤੋਂ 'ਉਰਦੂ ਮੁਸ਼ਾਇਰਾ ਪਰੰਪਰਾ' ਵਿਸ਼ੇ ਨਾਲ ਸੰਬੰਧਿਤ ਪੀਐੱਚ. ਡੀ. ਕੀਤੀ। ਰਾਹਤ ਇੰਦੌਰੀ ਨੇ ਇੰਦਰ ਕੁਮਾਰ ਕਾਲਜ ਇੰਦੌਰ ਅਤੇ ਦੇਵੀ ਅਹਿਲਿਆ ਯੂਨੀਵਰਸਿਟੀ ਇੰਦੌਰ ਵਿੱਚ ਅਧਿਆਪਕ ਦੇ ਅਹੁਦੇ 'ਤੇ ਰਹਿ ਕੇ ਵਿਦਿਆਰਥੀਆਂ ਨੂੰ ਉਰਦੂ ਸਾਹਿਤ ਪੜ੍ਹਾਇਆ।

ਮਹਿਜ਼ 19 ਸਾਲ ਦੀ ਉਮਰ ਵਿੱਚ ਰਾਹਤ ਇੰਦੌਰੀ ਨੇ ਮੁਸ਼ਾਇਰਿਆਂ ਵਿੱਚ ਸ਼ਾਇਰੀ ਪੜ੍ਹਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇਸ਼ ਦੇ ਮੌਜੂਦਾ ਹਾਲਾਤਾਂ, ਸਰਕਾਰਾਂ ਦੀਆਂ ਘਟੀਆ ਨੀਤੀਆਂ ਤੇ ਭਾਰਤੀ ਗੰਗਾ-ਯਮੁਨਾ ਤਹਿਜ਼ੀਬ 'ਤੇ ਕੀਤੇ ਜਾਂਦੇ ਕੋਝੇ ਸਿਆਸੀ ਹਮਲਿਆਂ ਖਿਲਾਫ ਬੇਖੌਫ਼ ਹੋ ਕੇ ਲਿਖਿਆ ਅਤੇ ਸਟੇਜਾਂ 'ਤੇ ਖਲੋ ਸ਼ਾਇਰੀ ਕਰਦਿਆਂ ਵਿਅੰਗ ਵੀ ਕੱਸੇ। ਰਾਹਤ ਇੰਦੌਰੀ ਆਪਣੇ ਸਮਕਾਲ ਨੂੰ ਆਪਣੀ ਰਚਨਾ ਵਿੱਚ ਪਰੋਂਦੇ ਸਨ। ਉਹ ਕੌੜੀ ਗੱਲ ਨੂੰ ਮਿੱਠੇ ਢੰਗ ਨਾਲ ਕਹਿਣ ਦੀ ਸਮਰੱਥਾ ਰੱਖਦੇ ਸਨ ਅਰਥਾਤ ਕੌੜੇ ਕੁਸੈਲੇ ਵਿਚਾਰਾਂ ਨੂੰ ਮਿਠਾਸ ਦੀ ਚਾਸ਼ਨੀ ਵਿਚ ਲਪੇਟ ਕੇ ਸਰੋਤਿਆਂ ਨੂੰ ਸਮਕਾਲ ਦੀ ਹਕੀਕਤ ਤੋਂ ਵੀ ਜਾਣੂੰ ਕਰਵਾ ਦਿੰਦੇ ਅਤੇ ਸਾਹਿਤ ਵਿਚਲੀ ਕਲਾ ਵੀ ਜਿਉਂਦੀ ਰੱਖਦੇ।



ਪਿਛਲੇ ਸਾਲ ਜਦੋਂ ਮੌਜੂਦਾ ਸਰਕਾਰ ਨੇ ਘੱਟ ਗਿਣਤੀਆਂ 'ਤੇ ਹਮਲਾ ਕਰਦਿਆਂ ਸੀ. ਏ. ਏ. ਅਤੇ ਐੱਨ. ਆਰ. ਸੀ. ਲਿਆਂਦੀ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਰੋਧ ਹੋਣੇ ਸ਼ੁਰੂ ਹੋਏ। ਉਹ ਭਾਰਤੀ ਨਾਗਰਿਕ ਜਿਨ੍ਹਾਂ ਦੇਸ਼ ਵੰਡ ਤੋਂ ਬਾਅਦ ਭਾਰਤ ਵਿੱਚ ਰਹਿਣ ਨੂੰ ਪ੍ਰਾਥਮਿਕਤਾ ਦਿੱਤੀ, ਭਾਰਤੀ ਫ਼ੌਜ ਵਿੱਚ ਕਈ-ਕਈ ਵਰ੍ਹੇ ਸਰਹੱਦਾਂ 'ਤੇ ਰਹਿ ਕੇ ਦੇਸ਼ ਦੀ ਸੇਵਾ ਵੀ ਕੀਤੀ। ਜਦੋਂ ਐਸੇ ਨਾਗਰਿਕਾਂ ਨੂੰ ਵੀ ਸੀ. ਏ. ਏ. ਅਤੇ ਐੱਨ. ਆਰ. ਸੀ. ਕਾਨੂੰਨ ਤਹਿਤ ਦੇਸ਼ ਵਿੱਚੋਂ

ਕੱਢੇ ਜਾਣ ਦੇ ਉਪਰਾਲੇ ਹੋਣੇ ਸ਼ੁਰੂ ਹੋਏ ਤਾਂ ਉਨ੍ਹਾਂ ਦਿਨਾਂ ਵਿੱਚ ਰਾਹਤ ਇੰਦੌਰੀ ਦੀ ਕਈ ਸਾਲ ਪਹਿਲਾਂ ਲਿਖੀ ਗ਼ਜ਼ਲ ਪ੍ਰਦਰਸ਼ਨਕਾਰੀਆਂ ਨੇ ਤਖ਼ਤੀਆਂ ਅਤੇ ਫੱਟੀਆਂ 'ਤੇ ਲਿਖ ਕੇ ਆਪਣੇ ਹੱਕ ਮੰਗਣੇ ਸ਼ੁਰੂ ਕੀਤੇ।

ਅਗਰ ਖਿਲਾਫ ਹੈਂ ਹੋਨੇ ਦੋ, ਜਾਨ ਥੋੜ੍ਹੀ ਹੈ।
ਯੇ ਸਬ ਧੂੰਆਂ ਹੈ ਕੋਈ ਆਸਮਾਨ ਥੋੜ੍ਹੀ ਹੈ।
ਲਗੇਗੀ ਆਗ ਤੋ ਆਏਂਗੇ ਘਰ ਕਈ ਜ਼ਦ ਮੇਂ,
ਯਹਾਂ ਪੇ ਸਿਰਫ਼ ਹਮਾਰਾ ਮਕਾਨ ਥੋੜ੍ਹੀ ਹੈ।
ਮੈਂ ਜਾਨਤਾ ਹੂੰ ਕਿ ਦੁਸ਼ਮਨ ਭੀ ਕਮ ਨਹੀਂ ਲੇਕਿਨ
ਹਮਾਰੀ ਤਰਹ ਹਥੇਲੀ ਪੇ ਜਾਨ ਥੋੜ੍ਹੀ ਹੈ।
ਹਮਾਰੇ ਮੂੰਹ ਸੇ ਜੋ ਨਿਕਲੇ ਵਹੀ ਸਦਾਕਤ ਹੈ
ਹਮਾਰੇ ਮੂੰਹ ਮੇਂ ਤੁਮਹਾਰੀ ਜ਼ੁਬਾਨ ਥੋੜ੍ਹੀ ਹੈ।
ਜੋ ਆਜ ਸਾਹਿਬ ਏ ਮਸਨਦ ਹੈਂ ਕਲ ਨਹੀਂ ਹੋਂਗੇ,
ਕਿਰਾਏਦਾਰ ਹੈਂ ਜ਼ਾਤੀ ਮਕਾਨ ਥੋੜ੍ਹੀ ਹੈ।
ਸਭੀ ਕਾ ਖ਼ੂਨ ਹੈ ਸ਼ਾਮਿਲ ਯਹਾਂ ਕੀ ਮਿੱਟੀ ਮੇਂ
ਕਿਸੀ ਕੇ ਬਾਪ ਕਾ ਹਿੰਦੋਸਤਾਨ ਥੋੜ੍ਹੀ ਹੈ।

ਇੱਕ ਲਤੀਫ਼ਾ ਆਮ ਸੁਣਾਇਆ ਕਰਦੇ ਸਨ ਕਿ ਮੈਂ ਇੱਕ ਜਗ੍ਹਾ ਸ਼ਾਇਰੀ ਪੜ੍ਹ ਰਿਹਾ ਸੀ। ਅਗਲੇ ਦਿਨ ਪੁਲਿਸ ਵਾਲੇ ਮੈਨੂੰ ਥਾਣੇ ਲੈ ਗਏ ਕਿ ਕੱਲ੍ਹ ਤੁਸੀਂ ਸਰਕਾਰ ਦੇ ਖਿਲਾਫ਼ ਕਵਿਤਾ ਪੜ੍ਹੀ ਹੈ ਅਤੇ ਕਿਹਾ ਹੈ ਕਿ ਸਰਕਾਰ ਗਲਤ ਹੈ। ਰਾਹਤ ਸਾਹਿਬ ਨੇ ਜਵਾਬ ਦਿੱਤਾ, "ਹਾਂ ਪੜ੍ਹੀ ਤਾਂ ਹੈ, ਪਰ ਮੈਂ ਇਹ ਤਾਂ ਨਹੀਂ ਕਿਹਾ ਕਿ ਕਿਹੜੇ ਦੇਸ਼ ਦੀ ਸਰਕਾਰ ਗਲਤ ਹੈ? ਮੈਂ ਕਿਸੇ ਦੇਸ਼ ਦਾ ਨਾਮ ਨਹੀਂ ਲਿਆ। ਥਾਣੇਦਾਰ ਕਹਿਣ ਲੱਗਾ, "ਐ ਕਵੀ! ਤੂੰ ਸਾਨੂੰ ਮੂਰਖ ਸਮਝਦਾ ਹੈਂ, ਸਾਨੂੰ ਨਹੀਂ ਪਤਾ ਕਿਹੜੇ ਦੇਸ਼ ਦੀ ਸਰਕਾਰ ਗਲਤ ਕੰਮ ਕਰਦੀ ਹੈ?" ਇਸ ਤਰ੍ਹਾਂ ਦੇ ਵਿਅੰਗ ਕਰਦਿਆਂ ਉਹ ਆਪਣੇ ਸਰੋਤਿਆਂ ਨੂੰ ਖੁਸ਼ ਵੀ ਕਰ ਦਿੰਦੇ ਤੇ ਆਪਣੀ ਗੱਲ ਵੀ ਲੋਕਾਂ ਤੱਕ ਪਹੁੰਚਾ ਦਿੰਦੇ।

ਰਾਹਤ ਸਾਹਿਬ ਸੱਤਾ ਦੀ ਵਾਗਡੋਰ ਸੰਭਾਲਣ ਵਾਲੇ ਲਾਲਚੀ ਤੇ ਸੰਕੀਰਨ ਸੋਚ ਵਾਲੇ ਝੂਠੇ ਆਗੂਆਂ ਖ਼ਿਲਾਫ਼ ਉਨ੍ਹਾਂ ਦੇ ਕਿਰਦਾਰ ਤੋਂ ਪਰਦਾ ਚੁੱਕਦਿਆਂ ਲਿਖਦੇ ਹਨ-

ਝੂਠੋ ਨੇ ਝੂਠੋਂ ਸੇ ਕਹਾ ਸੱਚ ਬੋਲੋ।
ਸਰਕਾਰੀ ਐਲਾਨ ਹੂਆ ਹੈ ਸੱਚ ਬੋਲੋ।

ਰਾਹਤ ਇੰਦੌਰੀ ਆਪਣੇ ਸ਼ੇਅਰਾਂ ਰਾਹੀਂ ਜ਼ਿੰਦਗੀ ਜਿਊਣ ਦਾ ਤਰੀਕਾ ਦੱਸਦੇ। ਉਨ੍ਹਾਂ ਦੀ ਸ਼ਾਇਰੀ 'ਚੋਂ ਅਸੂਲਾਂ ਦੀ ਪ੍ਰਤੀਬੱਧਤਾ ਨਜ਼ਰ ਆਉਂਦੀ। ਉਹ ਸਿਰ ਝੁਕਾ ਕੇ ਨਹੀਂ ਸਗੋਂ ਵੱਡੀਆਂ ਮੁਸੀਬਤਾਂ ਨਾਲ ਅੜ੍ਹ ਕੇ, ਲੜ ਕੇ ਜਿਉਣ ਨੂੰ ਜੀਵਨ-ਸ਼ੈਲੀ ਮੰਨਦੇ।

ਸ਼ਾਖੋਂ ਸੇ ਟੂਟ ਜਾਏਂ ਵੋ ਪੱਤੇ ਨਹੀਂ ਹੈਂ ਹਮ
ਆਂਧੀ ਸੇ ਕੋਈ ਕਹਿ ਦੇ ਕਿ ਔਕਾਤ ਮੇਂ ਰਹੇ।
ਆਖ ਮੈਂ ਪਾਣੀ ਰਖੋ ਹੋਠੋਂ ਮੇਂ ਚਿੰਗਾਰੀ ਰਖੋ।
ਜ਼ਿੰਦਾ ਰਹਿਣਾ ਹੈ ਤੋ ਤਰਕੀਬੇਂ ਬਹੁਤ ਸਾਰੀ ਰਖੋ।

ਅੱਬਾਸ ਧਾਲੀਵਾਲ ਲਿਖਦੇ ਹਨ ਕਿ ਰਾਹਤ ਇੰਦੌਰੀ ਦੀ ਕਲਮ ਵਿੱਚ ਜਾਦੂਈ ਅਸਰ ਸੀ, ਉਹ ਸਿੱਧੇ ਸਾਦੇ ਸ਼ਬਦਾਂ ਵਿੱਚ ਵੀ ਵੱਡੇ-ਵੱਡੇ ਵਿਅੰਗ ਕਰ ਜਾਇਆ ਕਰਦੇ ਸਨ। ਉਨ੍ਹਾਂ ਵਿੱਚ ਸੱਤਾ ਵਿਵਸਥਾ ਵਿੱਚ ਪਾਈਆਂ ਜਾਣ ਵਾਲੀਆਂ ਊਣਤਾਈਆਂ ਨੂੰ ਉਜਾਗਰ ਕਰਨ ਦੀ ਜੋ ਵਿਲੱਖਣ ਕਲਾ ਸੀ, ਉਸ ਦੀ ਮਿਸਾਲ ਨਹੀਂ ਮਿਲਦੀ। ਦਰਅਸਲ ਉਨ੍ਹਾਂ ਦੀ ਸ਼ਾਇਰੀ ਸਿਸਟਮ ਵੱਲੋਂ ਹੋਈ ਬੇਇਨਸਾਫ਼ੀ ਦੀ ਸਜ਼ਾ ਭੁਗਤ ਰਹੇ ਮਜ਼ਲੂਮਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਪੀੜ ਦੀ ਨੁਮਾਇੰਦਗੀ ਕਰਦੀ ਹੈ। ਜਦੋਂ ਉਸ ਸ਼ਾਇਰੀ ਨੂੰ ਇੱਕ ਆਮ ਆਦਮੀ ਜੋ ਸਿਸਟਮ ਦਾ ਸਤਾਇਆ ਹੋਇਆ ਹੈ, ਸੁਣਦਾ ਹੈ ਜਾਂ ਪੜ੍ਹਦਾ ਹੈ ਤਾਂ ਉਹਨੂੰ ਉਸ 'ਚੋਂ ਆਪਣੇ ਖ਼ੁਦ 'ਤੇ ਬੀਤ ਰਹੇ ਹਾਲਾਤ ਦਾ ਆਭਾਸ ਹੁੰਦਾ ਹੈ।

ਹਿੰਦੁਸਤਾਨ ਦੀ ਮਿੱਟੀ ਪ੍ਰਤੀ ਉਨ੍ਹਾਂ ਦਾ ਮਿਆਰ ਵਾਰ-ਵਾਰ ਸ਼ੇਅਰਾਂ ਵਿੱਚੋਂ ਪ੍ਰਗਟ ਹੁੰਦਾ ਰਹਿੰਦਾ ਹੈ। ਉਹ ਧਾਰਮਿਕ, ਜਾਤੀ ਅਤੇ ਕੌਮੀਅਤ ਵਿਚਲੇ ਅਖੰਡਤਾ ਨੂੰ ਉਧੇੜਨ ਵਾਲੇ ਸਿਆਸੀ ਲੋਕਾਂ ਖ਼ਿਲਾਫ਼ ਵਿੱਚ ਬੇਝਿਜਕ ਬੋਲਦੇ। ਉਹ ਸਾਂਝੀਵਾਲਤਾ, ਮੁਹੱਬਤ ਅਤੇ ਮਿਲ ਬੈਠਣ ਦੇ ਮੁਤਾਸਿਰ ਸਨ। ਉਹ ਭਾਰਤ ਦੀ ਮਿੱਟੀ ਨਾਲ ਤਾਂ ਇਸ ਕਦਰ ਪਿਆਰ ਕਰਦੇ ਸਨ-

ਹਮ ਆਪਣੀ ਜਾਨ ਕੇ ਦੁਸ਼ਮਣ ਕੋ
ਆਪਣੀ ਜਾਨ ਕਹਿਤੇ ਹੈਂ।
ਮੁਹੱਬਤ ਕੀ ਇਸੀ ਮਿੱਟੀ ਕੋ
ਹਿੰਦੁਸਤਾਨ ਕਹਿਤੇ ਹੈਂ।

ਸ਼ਾਇਰਾ ਡਾ. ਮੀਨਾ ਨੇ ਕਿਹਾ ਕਿ ਰਾਹਤ ਇੰਦੌਰੀ ਸਭ ਦੇ ਹਰਮਨ ਪਿਆਰੇ ਸ਼ਾਇਰ ਸਨ, ਉਹ ਲੋਕਾਂ ਦੇ ਕਵੀ ਸਨ ਅਤੇ ਮਾਨਵਤਾ ਨੂੰ ਸਮਝਣ ਵਾਲੇ ਸਨ। ਉਨ੍ਹਾਂ ਦੀ ਆਵਾਜ਼ ਵਿੱਚ ਜੋ ਲਲਕਾਰ ਸੀ, ਉਹ ਕਿਸੇ ਦੂਜੇ ਸ਼ਾਇਰ

ਵਿੱਚ ਵੇਖਣ ਨੂੰ ਨਹੀਂ ਮਿਲਦੀ।

ਰਾਹਤ ਸਾਹਿਬ ਦੀ ਬਹੁਤੀ ਸ਼ਾਇਰੀ ਇਨਕਲਾਬੀਅਤ ਵਾਲੀ ਹੈ, ਪਰ ਕਈ ਥਾਈਂ ਉਨ੍ਹਾਂ ਦੀ ਕਲਮ ਚਿਰ ਸਦੀਵੀ ਵਿਸ਼ੇ 'ਮੁਹੱਬਤ', 'ਇਸ਼ਕ' ਬਾਰੇ ਵੀ ਬੋਲਦੀ ਹੈ, ਜਿਨ੍ਹਾਂ ਸ਼ੇਅਰਾਂ ਤੋਂ ਭਲੀ ਭਾਂਤ ਪ੍ਰਗਟ ਹੁੰਦਾ ਹੈ ਕਿ ਉਸ ਬਾਗੀ ਸ਼ਾਇਰ ਦੇ ਕਿਸੇ ਕੋਨੇ ਵਿੱਚ ਮੁਹੱਬਤ ਭਰੇ ਜਜ਼ਬਾਤਾਂ ਦਾ ਪਿਆਲਾ ਵੀ ਸੀ। ਕਦੇ ਕਦੇ ਉਸ ਵਿੱਚ ਵੀ ਉਛਾਲਾ ਆ ਜਾਂਦਾ ਸੀ।

ਉਸ ਕੀ ਯਾਦ ਆਈ ਹੈ, ਸਾਂਸੋ ਜ਼ਰਾ ਧੀਰੇ ਚਲੋ
ਧੜਕਨੋਂ ਸੇ ਭੀ ਇਬਾਦਤ ਮੇਂ ਖਲਲ ਪੜ੍ਹਤਾ ਹੈ।
ਨਾ ਤੁਆਰਫ਼ ਨਾ ਤੁਅੱਲਕ ਹੈ ਮਗਰ ਦਿਲ ਅਕਸਰ
ਨਾਮ ਸੁਨਤਾ ਹੈ ਤੁਮਹਾਰਾ ਤੋ ਉਛਲ ਪੜਤਾ ਹੈ।

....................................

ਕਿਸ ਨੇ ਦਸਤਕ ਦੀ ਦਿਲ ਪਰ ਕੌਣ ਹੈ?
ਆਪ ਤੋਂ ਅੰਦਰ ਹੈ ਬਾਹਰ ਕੌਣ ਹੈ?

ਮੁਸ਼ਾਇਰਿਆਂ ਨੂੰ ਆਪਣੇ ਵੱਖਰੇ ਅੰਦਾਜ਼ ਨਾਲ ਲੁੱਟਣ ਵਾਲੇ ਸ਼ਾਇਰ ਰਾਹਤ ਇੰਦੌਰੀ ਨੇ ਆਪਣੇ ਗੀਤਾਂ ਰਾਹੀਂ ਹਿੰਦੀ ਫ਼ਿਲਮਾਂ ਵਿੱਚ ਵੀ ਆਪਣੀ ਕਲਮ ਦੀ ਧਾਂਕ ਜਮਾਈ ਹੈ। ਬਾਲੀਵੁੱਡ ਦੀਆਂ ਬਹੁਤ ਸਾਰੀਆਂ ਫ਼ਿਲਮਾਂ ਲਈ ਉਨ੍ਹਾਂ ਨੇ ਗੀਤ ਲਿਖੇ। ਜਿਨ੍ਹਾਂ ਵਿੱਚੋਂ ਮਸ਼ਹੂਰ ਗੀਤ ਹੇਠ ਲਿਖੇ ਹਨ-

ਆਜ ਹਮਾਰੇ ਦਿਲ ਦਾ ਹਰ ਹਿੱਸਾ (ਫ਼ਿਲਮ- ਸਰ)
ਤੁਮ ਸਾ ਕੋਈ ਪਿਆਰ ਕੋਈ ਮਾਸੂਮ ਨਹੀਂ ਹੈ (ਫਿਲਮ- ਖ਼ੁੱਦਾਰ)
ਦਿਲ ਕੋ ਹਜ਼ਾਰ ਬਾਰ ਰੋਕਾ (ਫ਼ਿਲਮ- ਮਰਡਰ)
ਧੂੰਆਂ-ਧੂੰਆਂ (ਫਿਲਮ- ਮਿਸ਼ਨ ਕਸ਼ਮੀਰ)
ਮੁਰਸ਼ਿਦਾ (ਫਿਲਮ- ਬੇਗਮ ਜਾਨ)

ਪਿਛਲੇ ਸਾਲ 14 ਦਸੰਬਰ 2019 ਈ. ਨੂੰ ਦਿੱਲੀ ਵਿਖੇ ਧਿਆਨ ਚੰਦ ਹਾਕੀ ਸਟੇਡੀਅਮ ਵਿੱਚ 'ਰੇਖਤਾ' ਦੇ ਪ੍ਰੋਗਰਾਮ ਦੌਰਾਨ ਉਸ ਮਰਹੂਮ ਸ਼ਾਇਰ ਨੂੰ ਸੁਣਨ ਦਾ ਮੌਕਾ ਮਿਲਿਆ। ਸਾਢੇ ਤਿੰਨ ਘੰਟੇ ਦੇ ਮੁਸ਼ਾਇਰੇ ਦੌਰਾਨ ਅਖੀਰ ਤੱਕ ਦਰਸ਼ਕ ਇਹੀ ਉਡੀਕ ਕਰ ਰਹੇ ਸਨ ਕਿ ਕਦੋਂ ਰਾਹਤ ਸਾਹਿਬ ਉੱਠਣ, ਮਾਈਕ 'ਤੇ ਬੋਲਣ ਅਤੇ ਆਪਣੇ ਬੋਲਾਂ ਅਤੇ ਅਦਾਇਗੀ ਨਾਲ ਸਾਨੂੰ ਕੀਲ ਲੈਣ। ਸਾਰੇ ਸ਼ਾਇਰਾਂ ਦੇ ਬੋਲਣ ਤੋਂ ਬਾਅਦ ਜਦੋਂ ਹੀ ਸਟੇਜ ਸਕੱਤਰ ਨੇ ਰਾਹਤ ਸਾਹਿਬ ਨੂੰ ਮਾਈਕ 'ਤੇ ਆਉਣ ਦਾ ਸੱਦਾ ਦਿੱਤਾ ਤਾਂ ਸਰੋਤਿਆਂ ਆਪਣੀ ਉਡੀਕ ਨੂੰ ਪੂਰਿਆਂ ਹੁੰਦਿਆਂ ਦੇਖ ਖੁਸ਼ੀ ਨਾਲ ਰਾਹਤ ਸਾਹਿਬ ਦਾ ਤਾੜੀਆਂ ਨਾਲ ਭਰਪੂਰ ਸਵਾਗਤ ਕੀਤਾ। ਜਦੋਂ ਰਾਹਤ ਸਾਹਿਬ ਸ਼ੇਅਰ ਸੁਣਾਉਂਦੇ ਤਾਂ ਸਰੋਤੇ ਬਹੁਤਿਆਂ ਸ਼ੇਅਰਾਂ ਤੇ 'ਮੁਕੱਰਰ-ਮੁਕੱਰਰ' ਕਹਿੰਦੇ, ਉਨ੍ਹਾਂ ਸ਼ੇਅਰਾਂ ਦਾ ਦੁਬਾਰਾ ਆਨੰਦ ਮਾਨਣਾ ਚਾਹੁੰਦੇ। ਰਾਹਤ ਸਾਹਿਬ ਦਾ ਸਮੁੱਚਾ ਸਰੀਰ ਸ਼ਾਇਰੀ ਸੁਣਾਉਂਦਿਆਂ ਹਰਕਤ ਵਿੱਚ ਸੀ। ਉਹ ਬਾਹਵਾਂ ਨੂੰ ਉਲਾਰਦੇ, ਇੱਕ ਅੱਖ ਮੀਟ ਦੇ ਭਰਵੱਟਿਆਂ ਨੂੰ ਕੱਸਦੇ, ਵੱਖਰੇ ਅੰਦਾਜ਼ ਨਾਲ ਆਪਣੇ ਨਖਰਿਆਂ ਤੇ ਨਜ਼ਾਕਤ ਨਾਲ ਸਰੋਤਿਆਂ ਨੂੰ ਖ਼ੁਸ਼ ਕਰ ਰਹੇ ਸਨ। ਅੱਜ ਤੋਂ ਪਹਿਲਾਂ ਸੋਸ਼ਲ ਮੀਡੀਆ, ਇੰਟਰਨੈੱਟ ਅਤੇ ਟੀ. ਵੀ. ਆਦਿ 'ਤੇ ਤਾਂ ਰਾਹਤ ਸਾਹਿਬ ਨੂੰ ਕਈ ਵਾਰ ਸੁਣਿਆ ਸੀ, ਪਰ ਅੱਖਾਂ ਦੇ ਸਾਹਮਣੇ ਵੇਖ ਕੇ, ਉਨ੍ਹਾਂ ਦੀ ਸ਼ਾਇਰੀ ਸੁਣ ਕੇ, ਉਨ੍ਹਾਂ ਦੇ ਵੱਖਰੇ ਅੰਦਾਜ਼ ਨੂੰ ਨਿਹਾਰ ਕੇ ਮਨ ਅਨੰਦ ਵਿਭੋਰ ਹੋ ਰਿਹਾ ਸੀ। ਜਿਨ੍ਹਾਂ ਨੇ ਰਾਹਤ ਸਾਹਿਬ ਨੂੰ ਅੱਖਾਂ ਨਾਲ ਸਾਹਮਣੇ ਸ਼ਾਇਰੀ ਸੁਣਾਉਂਦਿਆਂ ਸੁਣਿਆ ਹੈ, ਉਹ ਇਹ ਗੱਲ ਸਮਝਦੇ ਹਨ ਕਿ ਉਹ ਦ੍ਰਿਸ਼ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ, ਕਿਉਂਕਿ ਉਹ ਅਨੰਦ ਅਕਹਿ ਹੈ।

ਉਨ੍ਹਾਂ ਦੇ ਸ਼ਾਇਰਾਨਾ ਅੰਦਾਜ਼ ਬਾਰੇ ਮਿਰਜ਼ਾ ਗ਼ਾਲਿਬ ਦਾ ਇਹ ਸ਼ਿਅਰ ਕਿਹਾ ਜਾ ਸਕਦਾ ਹੈ-

ਹੈਂ ਔਰ ਭੀ ਦੁਨੀਆਂ ਮੇਂ ਸੁਖ਼ਨਵਰ ਬਹੁਤ ਅੱਛੇ
ਕਹਿਤੇ ਹੈਂ ਕਿ ਗ਼ਾਲਿਬ ਕਾ ਹੈ ਅੰਦਾਜ਼-ਏ-ਬਿਆਂ ਔਰ।

ਰਾਹਤ ਸਾਹਿਬ, ਇਸ ਵਕਤ ਦੁਨੀਆਂ 'ਤੇ ਫੈਲੀ ਕੋਰੋਨਾ ਮਹਾਂਮਾਰੀ ਤੋਂ ਪੀੜਤ ਸਨ। ਉਨ੍ਹਾਂ ਨੂੰ 10 ਅਗਸਤ ਨੂੰ ਇੰਦੌਰ ਦੇ ਅਰਬਿੰਦੋ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਨੇ ਮਰਨ ਤੋਂ ਕੁਝ ਘੰਟੇ ਪਹਿਲਾਂ ਸੋਸ਼ਲ ਮੀਡੀਆ 'ਤੇ ਆਪਣੇ ਕੋਰੋਨਾ ਪਾਜ਼ੀਟਿਵ ਹੋਣ ਬਾਰੇ ਵੀ ਦੱਸਿਆ। ਆਪਣੇ ਛੇਤੀ ਠੀਕ ਹੋਣ ਦੀ ਉਮੀਦ ਵੀ ਦਿੱਤੀ। ਪਰ 11 ਅਗਸਤ 2020 ਨੂੰ ਉਰਦੂ ਸ਼ਾਇਰੀ ਦਾ ਉਹ ਮਹਾਨ ਸੂਰਜ ਸਦਾ-ਸਦਾ ਲਈ ਅਸਤ ਹੋ ਗਿਆ।

..............................................

## ਉਰਦੂ ਦੇ ਪ੍ਰਸਿੱਧ ਸ਼ਾਇਰ

# ਰਾਹਤ ਇੰਦੌਰੀ ਦੇ ਚੋਣਵੇਂ ਸ਼ੇਅਰ

ਏਕ ਚਿੰਗਾਰੀ ਨਜ਼ਰ ਆਈ ਥੀ ਬਸਤੀ ਮੇਂ ਉਸੇ
ਵੋਹ ਅਲਗ ਹਟ ਗਿਆ ਆਂਧੀ ਕੋ ਇਸ਼ਾਰਾ ਕਰਕੇ।

ਹਮੇਂ ਤੋਂ ਸਿਰਫ਼ ਜਗਾਨਾ ਹੈ ਸੋਨੇ ਵਾਲੋਂ ਕੋ
ਜੋ ਦਰ ਖੁਲਾ ਹੈ ਵਹਾਂ ਹਮ ਸਦਾ ਨਹੀ ਦੇਂਗੇ।

ਹੋਂ ਲਾਖ ਜ਼ੁਲਮ ਮਗਰ ਬਦ-ਦੁਆ ਨਹੀਂ ਦੇਂਗੇ
ਜ਼ਮੀਨ ਮਾਂ ਹੈ ਜ਼ਮੀਂ ਕੋ ਦਗਾ ਨਹੀਂ ਦੇਂਗੇ।

ਖ਼ਿਆਲ ਥਾ ਕਿ ਪਥਰਾਵ ਰੋਕ ਦੇਂ ਚਲ ਕਰ,
ਜੋ ਹੋਸ਼ ਆਇਆ ਤੁ ਦੇਖਾ ਲਹੂ ਲਹੂ ਹਮ ਥੇ।

ਮਜ਼ਾ ਚਖਾ ਕੇ ਹੀ ਮਾਨਾ ਹੂੰ ਮੈਂ ਭੀ ਦੁਨੀਆਂ ਕੋ
ਸਮਝ ਰਹੀ ਥੀ ਕਿ ਐਸੇ ਹੀ ਛੋੜ ਦੂੰਗਾ ਉਸੇ।

ਯੇ ਹਵਾਏਂ ਉੜ ਨਾ ਜਾਏਂ ਲੇ ਕੇ ਕਾਗ਼ਜ਼ ਕਾ ਬਦਨ
ਦੋਸਤੋ ਮੁਝ ਪਰ ਕੋਈ ਪੱਥਰ ਜ਼ਰਾ ਭਾਰੀ ਰਖੋ।

ਮੈ ਪਰਬਤੋਂ ਸੇ ਲੜਤਾ ਰਹਾ ਔਰ ਚਾਂਦ ਲੋਗ
ਗੀਲੀ ਜ਼ਮੀਨ ਖੋਦ ਕਰ ਫਰਹਾਦ ਹੋ ਗਏ।

ਮੈਂ ਆਖਿਰ ਕੌਨ ਸਾ ਮੌਸਮ ਤੁਮਹਾਰੇ ਨਾਮ ਕਰ ਦੇਤਾ
ਯਹਾਂ ਹਰ ਏਕ ਮੌਸਮ ਕੋ ਗੁਜ਼ਰ ਜਾਨੇ ਕੀ ਜਲਦੀ ਥੀ।

ਮੇਰੀ ਖੁਆਇਸ਼ ਹੈ ਕਿ ਆਂਗਨ ਮੇਂ ਨਾ ਦੀਵਾਰ ਉਠੇ
ਮੇਰੇ ਭਾਈ ਮੇਰੇ ਹਿੱਸੇ ਕੀ ਜ਼ਮੀਂ ਤੂ ਰਖ ਲੇ।

ਯੇ ਜ਼ਰੂਰੀ ਹੈ ਕਿ ਆਂਖੋਂ ਕਾ ਭਰਮ ਕਾਇਮ ਰਹੇ
ਨੀਂਦ ਰਖੋ ਜਾ ਨਾ ਰੱਖੋ ਖ਼ੁਆਬ ਮਯਾਰੀ ਰਖੋ।

ਹਮ ਸੇ ਪਹਿਲੇ ਭੀ ਮੁਸਾਫ਼ਿਰ ਕਈ ਗੁਜ਼ਰੇ ਹੋਂਗੇ
ਕਮ ਸੇ ਕਮ ਰਾਹ ਕੇ ਪੱਥਰ ਤੋ ਹਟਾਤੇ ਜਾਤੇ।

ਸ਼ਾਖੋਂ ਸੇ ਟੂਟ ਜਾਏਂ ਵੋ ਪੱਤੇ ਨਹੀਂ ਹੈ ਹਮ
ਆਂਧੀ ਸੇ ਕਹ ਦੋ ਕਿ ਔਕਾਤ ਮੇਂ ਰਹੇ।

ਬਹੁਤ ਗਰੂਰ ਹੈ ਦਰਿਆ ਕੋ ਅਪਨੇ ਹੋਨੇ ਪਰ
ਜੋ ਮੇਰੀ ਪਿਆਸ ਸੇ ਉਲਝੇ ਤੋ ਧੱਜੀਆਂ ਉੜ ਜਾਏਂ।

ਦੋ ਗਜ ਸਹੀ ਮਗਰ ਯੇ ਮੇਰੀ ਮਲਕੀਅਤ ਤੋ ਹੈ
ਐ ਮੌਤ ਤੂਨੇ ਮੁਝ ਕੋ ਜ਼ਿਮੀਂਦਾਰ ਕਰ ਦੀਆ।

ਮੈਂ ਜਬ ਮਰ ਜਾਊਂ ਤੋ ਮੇਰੀ ਅਲਗ ਪਹਿਚਾਨ ਲਿਖ ਦੇਨਾ।
ਲਹੂ ਸੇ ਮੇਰੀ ਪੇਸ਼ਾਨੀ ਪਰ ਹਿੰਦੁਸਤਾਨ ਲਿਖ ਦੇਨਾ।

ਅਫਵਾਹ ਥੀ ਕਿ ਮੇਰੀ ਤਬੀਅਤ ਖ਼ਰਾਬ ਹੈ
ਲੋਗੋਂ ਨੇ ਪੂਛ ਪੂਛ ਕੇ ਬੀਮਾਰ ਕਰ ਦੀਆ।

ਉਸਕੀ ਯਾਦ ਆਈ ਹੈ ਸਾਂਸੋਂ ਜ਼ਰਾ ਆਹਿਸਤਾ ਚਲੋ
ਧੜਕਨੋਂ ਸੇ ਭੀ ਇਬਾਦਤ ਮੇ ਖਲਲ ਪੜਤਾ ਹੈ।

ਨਾ ਹਮ-ਸਫ਼ਰ ਨਾ ਕਿਸੇ ਹਮ-ਨਸ਼ੀਂ ਸੇ ਨਿਕਲੇਗਾ।
ਹਮੇਰੇ ਪਾਂਵ ਕਾ ਕਾਂਟਾ ਹਮੀਂ ਸੇ ਨਿਕਲੇਗਾ।

ਜ਼ਿੰਦਗੀ ਹੈ ਏਕ ਸਫ਼ਰ ਜ਼ਿੰਦਗੀ ਕੀ ਰਾਹ ਮੇਂ
ਜ਼ਿੰਦਗੀ ਭੀ ਆਏ ਤੋ ਠੋਕਰ ਲਗਾਨੀ ਚਾਹੀਏ।

ਕਬੀ ਦਿਮਾਗ ਕਭੀ ਦਿਲ ਕਭੀ ਨਜ਼ਰ ਮੇਂ ਰਹੋ
ਯੇ ਸਭ ਤੁਮਹਾਰੇ ਹੀ ਘਰ ਹੈਂ ਕਿਸੀ ਭੀ ਘਰ ਮੇਂ ਰਹੋ।

ਜ਼ਿੰਦਾ ਰਹਿਨੇ ਕੇ ਅਸੂਲੋਂ ਕੋ ਨਹੀਂ ਛੋੜਾ ਹੈ।
ਔਰ ਮਹਿਕਤੇ ਹੁਏ ਫੂਲੋਂ ਕੋ ਨਹੀਂ ਛੋੜਾ ਹੈ।

ਹਮ ਪੇ ਇਲਜ਼ਾਮ ਲਗਾਤੇ ਹੈਂ ਤੋ ਹੈਰਤ ਕੈਸੀ
ਇਨ ਕਮੀਨੋਂ ਨੇ ਰਸੂਲੋਂ ਕੋ ਨਹੀਂ ਛੋੜਾ ਹੈ।

# ਗੁਰੂ ਜੋਗ ਦੇ ਭੇਤ ਨੂੰ ਦੱਸਿਆ ਈ

## (ਉਸਤਾਦ ਜਥੇਦਾਰ ਸੇਵਾ ਸਿੰਘ ਜੀ ਨੂੰ ਯਾਦ ਕਰਦਿਆਂ)

**-ਜ. ਨਿਸ਼ਾਨ ਸਿੰਘ ਦਿੱਲੀ**

ਸੰਨ 2001 'ਚ ਨੌਂ ਸਾਲ ਦੀ ਉਮਰੇ ਮੈਂ ਪਹਿਲਾ ਦੀਵਾਨ ਲਾਇਆ। ਜਥੇਦਾਰ ਸੇਵਾ ਸਿੰਘ ਜੀ (ਦਿੱਲੀ) ਦੀ ਕੈਸੇਟ 'ਭਗਵਾਨ ਕ੍ਰਿਸ਼ਨ ਉਪਮਾ' ਸੁਣ-ਸੁਣ ਕੇ ਯਾਦ ਕੀਤੀ ਹੋਈ ਸੀ। ਬਿਨਾਂ ਕਿਸੇ ਕੋਲੋਂ ਸੁਰ, ਲੈਅ, ਤਾਲ ਦੀ ਤਾਲੀਮ ਲਿਆਂ, ਲਗਾਇਆ ਹੋਇਆ ਇਹ ਦੀਵਾਨ ਕਿੰਨਾ ਕੁ ਵਧੀਆ ਲੱਗਾ ਹੋਵੇਗਾ? ਇਹ ਸੋਚਣ ਨੂੰ ਜੀਅ ਵੀ ਨਹੀਂ ਕਰਦਾ। ਪਰ ਇਹ ਜ਼ਰੂਰ ਸੋਚਦਾ ਹਾਂ ਕਿ 'ਜਥੇਦਾਰ ਜੀ' ਨਾਲ ਮੇਰਾ "ਪਿਛਲਾ", ਕੋਈ ਤੇ ਸੰਬੰਧ ਜ਼ਰੂਰ ਸੀ। ਹਾਲਾਂਕਿ ਮੈਂ ਓਦੋਂ ਤੱਕ ਉਹਨਾਂ ਨੂੰ ਨਿੱਜੀ ਤੌਰ 'ਤੇ ਨਹੀਂ ਸਾਂ ਮਿਲਿਆ, ਨਾ ਵਾਕਫ਼ ਹੀ ਸਾਂ ਕਿ ਇਹ 'ਭਗਵਾਨ ਕ੍ਰਿਸ਼ਨ ਉਪਮਾ' ਵਾਲੇ ਹੈ ਕੌਣ ਨੇ?

ਮੈਂ 'ਬੇ-ਉਸਤਾਦਾ' ਹੀ 7-8 ਸਾਲ ਸਥਾਨਕ ਗੁਰਦੁਆਰਿਆਂ 'ਚ ਦੀਵਾਨ ਲਗਾਉਂਦਾ ਰਿਹਾ। ਸ੍ਰੀ ਭੈਣੀ ਸਾਹਿਬ ਰਹਿ ਕੇ ਸਿੱਖਣ ਦਾ ਮਨ ਵੀ ਬਣਿਆ। ਇਕ ਦੋ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਵੀ ਕੀਤੀ ਕਿ ਮੈਂ ਦੀਵਾਨ ਸਿੱਖਣਾ ਚਾਹੁੰਦਾ ਹਾਂ, ਪਰ ਅਗਲੇ ਪਾਸਿਓਂ ਕੋਈ ਜਵਾਬ ਨਾ ਮਿਲਿਆ। ਮੈਂ ਨਿਰਾਸ਼ ਵੀ ਹੋਇਆ। ਪਰ ਸ਼ਾਇਦ ਇਹ ਸਤਿਗੁਰੂ ਜੀ ਦੀ 'ਅਣ-ਬੋਲੀ' ਗੁੱਝੀ ਰਮਜ਼ ਸੀ ਕਿ "ਤੇਰੇ ਘਰ ਗੰਗਾ ਵਗਦੀ ਏ, ਤੂੰ ਬਾਹਰ ਕਿੱਥੇ ਨ੍ਹੌਣ ਲਈ ਭੱਜਾ ਫਿਰਦਾ ਏਂ।"

2009 ਮਈ ਦੇ ਮਹੀਨੇ ਮੈਂ ਜਥੇਦਾਰ ਸੇਵਾ ਸਿੰਘ ਜੀ ਦੇ ਚਰਨਾਂ 'ਚ ਜਾ ਹਾਜ਼ਰ ਹੋਇਆ। ਮੈਨੂੰ ਰਾਹ ਦੱਸਣ ਲਈ ਉਹਨਾਂ ਇਕ-ਦੋ ਵਾਰ, ਬੁਢੇਪੇ ਦੀਆਂ ਕਮਜ਼ੋਰੀਆਂ ਗਿਣਾ ਆਪਣੀ ਅਸਮਰੱਥਾ ਜ਼ਾਹਿਰ ਕੀਤੀ। ਪਰ ਮੇਰੇ ਵਿਚੋਲੇ ਤਕੜੇ ਹੋਣ ਕਰਕੇ (ਸੰਤ ਸਤਪਾਲ ਸਿੰਘ ਸਪੁੱਤਰ ਜਥੇਦਾਰ ਸੇਵਾ ਸਿੰਘ ਜੀ ਅਤੇ ਠੇਕੇਦਾਰ ਗੁਰਚਰਨ ਸਿੰਘ ਜੋ ਮੇਰੇ ਦਾਦਾ ਜੀ ਦੇ ਛੋਟ ਭਰਾ) ਉਹਨਾਂ ਮੇਰੀ 'ਸ਼ਾਗਿਰਦੀ' ਸਿਰੇ ਚੜ੍ਹਾ ਦਿੱਤੀ। ਇਥੋਂ ਹੀ 'ਜਥੇਦਾਰ' ਜੀ ਦੇ ਬੀਤ ਚੁੱਕੇ ਜੀਵਨ ਨੂੰ ਸੁਣਨ ਦਾ ਤੇ ਨਿੱਜੀ ਜ਼ਿੰਦਗੀ ਨੂੰ ਵਾਚਣ ਦਾ ਸਮਾਂ ਮਿਲਿਆ।

ਉਹਨੀਂ ਦਿਨੀਂ ਮੇਰੀ ਗ੍ਰੈਜੂਏਸ਼ਨ ਦੀ ਪੜ੍ਹਾਈ ਚੱਲ ਰਹੀ ਸੀ, ਇਸ ਕਰਕੇ ਮੇਰੇ ਕੋਲ ਐਤਵਾਰ ਨੂੰ ਹੀ ਵਿਹਲ ਹੁੰਦਾ ਸੀ। ਪਹਿਲੀ ਕਲਾਸ ਵਿਚ ਹੀ 'ਜਥੇਦਾਰ ਜੀ' ਨੇ ਮੈਨੂੰ ਆਖਿਆ, "ਕਾਕਾ, ਮੇਰੀ ਤੇ ਹੁਣ ਯਾਦਾਸ਼ਤ ਵੀ ਘੱਟ ਗਈ ਏ, ਬੜਾ ਕੁਝ ਭੁੱਲ-ਭੁਲਾ ਗਿਆ ਏ, ਮੇਰੇ ਕੋਲ ਜੋ ਕਿਤਾਬਾਂ ਸਨ, ਉਹ ਮੈਂ ਵੰਡ ਦਿੱਤੀਆਂ ਨੇ, ਲਿਖੇ ਹੋਏ ਪ੍ਰਸੰਗ ਵੀ ਸਾਰੇ ਹੈ ਨਹੀਂ, ਇਸ ਉਮਰੇ ਹੁਣ ਲਿਖਣਾ ਵੀ ਮੁਸ਼ਕਿਲ ਏ, ਜੋ ਕੁਛ ਚੇਤੇ ਆਏਗਾ, ਉਹ ਵੀ ਮੈਂ ਸਿਰਫ਼ ਬੋਲ ਹੀ ਸਕਦਾਂ, ਲਿਖਣਾ ਤੈਨੂੰ ਈ ਪੈਣਾ ਏ।"

ਮੈਨੂੰ ਇਹ ਸ਼ਬਦ ਕਰੜੇ ਲੱਗੇ ਤੇ ਸੁਭਾਅ 'ਚ ਵੀ ਸਖ਼ਤੀ ਦਿੱਸੀ। ਮੈਂ ਤੇ ਇਸ ਭੁਲੇਖੇ ਵਿਚ ਸਾਂ ਕਿ ਜਥੇਦਾਰ ਜੀ ਕੋਲ ਲਿਖੇ ਹੋਏ ਪ੍ਰਸੰਗ ਹੋਣਗੇ, ਫੋਟੋ ਕਾਪੀ ਕਰਵਾਵਾਂਗਾ, ਯਾਦ ਕਰਾਂਗਾ, ਦੀਵਾਨ ਲਾਵਾਂਗਾ।

ਮੈਂ ਸੋਚਣ ਲੱਗਾ ਕਿ "ਏਦਾਂ ਤੇ ਗੱਲ ਨਹੀਂ ਬਣਨੀ... ਇਨ੍ਹਾਂ ਨੂੰ ਸਾਰਾ ਕੁਝ ਯਾਦ ਨਹੀਂ ਤੇ ਫਿਰ ਮੇਰੇ ਸਵਾਲਾਂ ਦੇ ਜਾਵਾਬ ਕੌਣ ਦਏਗਾ?"

ਦੂਜੀ ਗੱਲ ਲਿਖਣ ਤੋਂ ਮੈਂ ਵੀ ਡਰਦਾ ਸੀ। ਮੇਰੇ ਲਈ ਇਹ ਕਿਸੇ ਮੁਸੀਬਤ ਤੋਂ ਘੱਟ ਗੱਲ ਨਹੀਂ ਸੀ। ਪਰ ਮੈਂ ਕੀ ਦੇਖਿਆ ਕਿ ਜਥੇਦਾਰ ਜੀ ਦਾ ਸਖ਼ਤ ਸੁਭਾਅ ਮੈਨੂੰ ਸਿਖਾਉਣ ਲੱਗਿਆਂ ਮੇਰੇ ਪ੍ਰਤੀ ਨਰਮ ਹੋ ਗਿਆ ਤੇ ਉਹਨਾਂ ਦੇ ਸ਼ਬਦ ਵੀ ਕੂਲੇ ਹੋ ਗਏ। ਮੇਰੀ ਨਾ-ਲਿਖਣ ਦੀ ਨਬਜ਼ ਨੂੰ ਉਹਨਾਂ ਛੇਤੀ ਹੀ ਪਛਾਣਿਆ ਤੇ ਮੇਰੀ ਇਸ ਸਮੱਸਿਆ ਦੇ ਹੱਲ ਲਈ ਖ਼ੁਦ ਕਾਪੀ ਪੈੱਨ ਲੈ ਕੇ ਮੇਰੇ ਲਈ ਪ੍ਰਸੰਗ ਲਿਖਣੇ ਸ਼ੁਰੂ ਕਰ ਦਿੱਤੇ।

ਮੈਂ ਕਈ ਵਾਰੀ ਆਖਣਾ, "ਤੁਹਾਡੀ ਸਿਹਤ ਇਜਾਜ਼ਤ ਨਹੀਂ ਦਿੰਦੀ, ਅੱਖਾਂ ਦਾ ਵੀ ਜ਼ੋਰ ਲੱਗਦਾ ਏ ਤੇ ਤੁਸੀਂ ਏਨੀ ਖੇਚਲ ਨਾ ਕਰਿਆ ਕਰੋ। ਲਿਖਿਆ ਨਾ ਕਰੋ, ਬੋਲ ਹੀ ਦਿਆ ਕਰੋ, ਮੈਂ ਜਰੂਰੀ ਗੱਲਾਂ ਆਪੇ ਲਿਖ ਲਿਆ ਕਰਾਂਗਾ।"

ਮੇਰੇ ਵਿਚਾਰ 'ਤੇ ਪ੍ਰਤੀਕਰਮ ਹੁੰਦਾ, "ਏਦਾਂ ਏ... ਸੁਣੇ ਹੋਏ ਸਾਰੇ ਬੋਲ ਯਾਦ ਨਹੀਂ ਰਹਿੰਦੇ, ਭੁੱਲ ਵੀ ਜਾਂਦੇ ਨੇ, ਪਰ ਲਿਖੇ ਹੋਏ ਨੂੰ ਕੋਈ ਮਿਟਾ ਨਹੀਂ ਸਕਦਾ। ਐਸ ਵੇਲੇ ਤੇਰੀ ਸਕੂਲੀ ਪੜ੍ਹਾਈ ਏ, ਉਹ ਜ਼ਰੂਰੀ ਏ, ਤੂੰ ਓਧਰ ਧਿਆਨ ਦਿਆ ਕਰ। ਤੇਰੇ ਕੋਲ ਜੇ ਅੱਜ ਯਾਦ ਕਰਨ ਲਈ ਸਮਾਂ ਨਹੀਂ ਵੀ ਹੈਗਾ ਤੇ ਕੋਈ ਗੱਲ ਨੀਂ। ਜਦੋਂ ਦੀਵਾਨ- ਪ੍ਰਸੰਗ ਕੋਲ ਹੋਣਗੇ, ਤੂੰ ਭਵਿੱਖ ਵਿਚ ਯਾਦ ਕਰਕੇ ਸੁਣੌਣ ਜੋਗਾ ਤੇ ਹੋਏਂਗਾ।"

ਉਹਨਾਂ ਬਿਮਾਰ ਹੁੰਦਿਆਂ ਵੀ ਕੰਬਦੇ ਹੱਥਾਂ ਨਾਲ 82-85 ਸਾਲ ਦੀ ਉਮਰੇ 50 ਤੋਂ ਵੱਧ ਪ੍ਰਸੰਗ (ਗੁਰਬਾਣੀ ਵਿਆਖਿਆ ਸਹਿਤ) ਲਿਖਕੇ ਮੇਰੀ ਝੋਲੀ ਵਿੱਚ ਪਾਏ। ਆਲਸੀ ਤੇ ਨਿਕੰਮੇ ਚੇਲੇ ਲਈ ਏਨਾ ਜ਼ਫਰ ਜਾਲਣ ਵਾਲੇ ਗੁਰੂ ਦਾ ਮੈਂ ਸਦਾ ਹੀ ਰਿਣੀ ਰਹਾਂਗਾ।

ਜਥੇਦਾਰ ਜੀ ਸੂਰਜ ਚੜ੍ਹਨ ਤੋਂ ਪਹਿਲਾਂ ਉੱਠ, ਸਣੇ-ਕੇਸੀਂ ਇਸ਼ਨਾਨ ਕਰ, ਇੱਕ ਘੰਟਾ ਨਾਮ ਸਿਮਰਨ ਤੇ ਨਾਲ ਜਪੁ, ਜਾਪ, ਚੌਪਈ, ਸਵੱਯੇ ਤੇ ਆਨੰਦ ਸਾਹਿਬ ਦਾ ਪਾਠ ਗੁਟਕੇ ਤੋਂ ਜ਼ਰੂਰ ਕਰਦੇ। ਰਾਤ ਦਾ ਕੀਰਤਨ ਸੋਹਿਲਾ ਵੀ ਪੱਕਾ ਹੁੰਦਾ। ਘਰੋਂ, ਬਾਹਰ ਹੋਣ 'ਤੇ ਪਾਠ ਜ਼ੁਬਾਨੀ ਕਰਦੇ ਸਨ। ਭਜਨ ਕਰਦਿਆਂ 'ਸੌਣ-ਅਵਸਥਾ' 'ਚ ਡੱਕੇ-ਡੋਲੇ ਖਾਣ ਵਾਲਾ ਉਹਨਾਂ ਨੂੰ ਬਿਲਕੁਲ

ਵੀ ਚੰਗਾ ਨਹੀਂ ਸੀ ਲੱਗਦਾ। ਉਹਨਾਂ ਆਖਣਾ, "ਜਿਸ ਕੰਮ 'ਚ ਰੁਚੀ ਨਾ ਹੋਵੇ, ਨੀਂਦ ਓਥੇ ਈ ਆਉਂਦੀ ਏ, ਨਹੀਂ ਤੇ ਭਜਨ ਕੀ ਤੇ ਨੀਂਦ ਕੀ?"

ਉਹ ਉਮਰ ਦੇ ਅੱਠਵੇਂ ਦਹਾਕੇ ਦੌਰਾਨ ਵੀ ਦੋ ਤੋਂ ਤਿੰਨ ਘੰਟੇ ਪਾਰਕ ਵਿਚ ਬਿਤਾਉਂਦੇ। ਸੈਰ ਕਰਦੇ, ਪੁਰਾਣੇ ਸਾਥੀਆਂ ਨਾਲ ਕੁਝ ਸਮਾਂ ਗੁਫ਼ਤਗੂ ਹੁੰਦੀ, ਖੇਡਦੇ ਹੋਏ ਬੱਚਿਆਂ 'ਚੋਂ ਕਿਸੇ ਨੂੰ ਪਿਆਰ ਕਰਦੇ, ਆਸ਼ੀਰਵਾਦ ਦਿੰਦੇ ਤੇ ਸ਼ਰਾਰਤੀਆਂ ਨੂੰ ਦਬਕਾ ਵੀ ਮਾਰ ਦਿੰਦੇ, ਕੁਦਰਤ ਨੂੰ ਨਿਹਾਰਦੇ ਜਾਂ ਇਕਾਂਤ 'ਚ ਬੈਠ ਗੁਰਬਾਣੀ ਤੇ ਇਤਿਹਾਸ ਦਾ ਚਿੰਤਨ-ਮਨਨ ਕਰੀ ਜਾਂਦੇ। ਮੌਜ ਅਨੁਸਾਰ ਬਿਨਾਂ ਕਿਸੇ ਕੰਮ ਦੇ ਵੀ ਕਈ ਵਾਰ ਸਕੂਟੀ ਲੈ ਘੁੰਮਣ ਨਿਕਲ ਜਾਂਦੇ। ਘਰੇ, ਲਿਖਣ-ਪੜ੍ਹਨ ਤੋਂ ਇਲਾਵਾ ਟੀ.ਵੀ. 'ਤੇ ਡਿਸਕਵਰੀ ਚੈਨਲ ਦੇਖਦੇ।

ਉਹਨਾਂ ਦਾ ਖਾਣਾ-ਪੀਣਾ ਆਪਣੀ ਮਰਜ਼ੀ ਦਾ ਹੁੰਦਾ, ਹਰ ਵੀਰਵਾਰ ਸਕੂਟੀ 'ਤੇ ਬੈਠ ਬਜ਼ਾਰੋਂ ਆਪਣੀ ਮਨ ਮਰਜ਼ੀ ਦੀ ਸਬਜ਼ੀ ਲਿਆਉਂਦੇ। ਸਰਦੀਆਂ 'ਚ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੀ ਚਾਹਤ ਐਸੀ ਸੀ ਕਿ ਹਰ ਰੋਜ਼ ਵੀ ਛਕਣਾ ਪਸੰਦ ਕਰਦੇ।

ਗੁਰੂ ਨਾਨਕ ਦੇਵ ਜੀ ਦੇ ਉਚਾਰੇ ਸ਼ਬਦ-

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ॥
ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ॥

ਅਨੁਸਾਰ ਘਿਓ ਤੇ ਸ਼ੱਕਰ ਰਲਾ ਕੇ ਖਾਣ 'ਚ ਵੱਡੀ ਖੁਸ਼ੀ ਮਾਣਦੇ। ਗੁੜ ਵਾਲੇ ਚੌਲ ਤੇ ਦੁੱਧ ਦੀ ਖੀਰ ... ਬੱਸ ਮਿਲਣੀ ਚਾਹੀਦੀ ਏ, ਨਾ-ਨੁਕੱਰ ਕੋਈ ਨਹੀਂ। ਸਮੇਂ ਦੇ ਐਸੇ ਪਾਬੰਦ ਕਿ ਸ਼ਾਮੀਂ ਪੂਰੇ ਛੇ ਵਜੇ ਕਮਰੇ 'ਚ ਬੈਠਿਆਂ ਬੱਦਲ ਗਰਜਵੀਂ ਧੜੱਲੇਦਾਰ ਆਵਾਜ਼ ਮਾਰਨੀ, "ਹਰਜੀਤ (ਛੋਟੀ ਨੂੰਹ)! ਪਰਸ਼ਾਦਾ ਲਿਆਓ ਬਈ।"

ਅਕਸਰ ਆਖਦੇ ਕਿ "ਪਰਚਾਰਕ ਦਾ ਅਹਾਰ ਸੰਤੁਲਿਤ, ਸਮੇਂ ਸਿਰ ਤੇ ਸ਼ੁੱਧ ਹੋਣਾ ਚਾਹੀਦੈ, ਅੱਜ ਵਾਲੀਆਂ ਤੜ੍ਹਕ-ਫੜ੍ਹਕ ਚੀਜ਼ਾਂ ਖਾ ਕੇ ਤਨ-ਮਨ ਦੋਵੇਂ ਰੋਗੀ ਈ ਹੋਣੇ ਨੇ, ਇਸ ਲਈ ਇਹ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਬੰਦੇ ਦਾ ਸਰੀਰ ਬਹੁਤਾ ਭਾਰਾ ਨਹੀਂ ਹੋਣਾ ਚਾਹੀਦਾ, ਇਹ ਤੁਰਨ-ਫਿਰਨ ਤੇ ਲੰਮੀਂ ਬੈਠਕ 'ਚ ਔਖਿਆਂ ਈ ਕਰਦਾ ਏ।"

'ਦੀਵਾਨਾਂ ਦੀ ਮਾਇਆ' ਪ੍ਰਤੀ ਆਮ ਹੀ ਇਹ ਬਚਨ ਕਰਦੇ ਕਿ "ਕੋਠੇ 'ਤੇ ਲੱਗੇ ਘਾਹ ਨਾਲ ਮੱਝ ਨਹੀਂ ਰੱਜਦੀ।" ਇਸ ਲਈ ਪਰਚਾਰਕ ਨੂੰ ਪੁਰਸ਼ਾਰਥ ਜ਼ਰੂਰ ਕਰਨਾ ਚਾਹੀਦਾ ਹੈ। ਜ਼ਿੰਦਗੀ ਦੇ ਛੇ ਦਹਾਕੇ ਉਹਨਾਂ ਆਪ ਵੀ ਡੱਟ ਕੇ ਸਿਰੜੀ-ਹੱਥੀਂ ਰਾਜਗਿਰੀ ਦਾ ਕੰਮ ਕੀਤਾ ਤੇ ਸਤਿਗੁਰੂ ਅਰਜਨ ਦੇਵ ਜੀ ਦੇ ਵਾਕ ਨੂੰ ਸਾਰਥਕ ਕੀਤਾ-

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥

ਪਰਚਾਰਕ ਦੀ 'ਪਹਿਨਣ-ਪੋਸ਼ਾਕ' ਸੰਬੰਧੀ ਵਿਚਾਰ ਵਿਅਕਤ ਕਰਦੇ, "ਸਮਾਂ ਬਦਲ ਗਿਆ ਏ, ਅੱਜ ਪਰਚਾਰਕ 'ਪਾਟੀ-ਕੱਛ' ਵਾਲਾ ਨਹੀਂ ਚਾਹੀਦਾ, ਐਨ ਪੂਰੀ ਟੌਰ ਹੋਵੇ, ਪਰਚਾਰਕ ਦੀ। ਵਿਚਾਰਾਂ ਦੇ ਨਾਲ-ਨਾਲ ਸਰੀਰਕ ਅਮੀਰੀ ਵੀ ਸਤਿਗੁਰ ਦੀ ਸ਼ੋਭਾ ਵਧਾਉਂਦੀ ਏ।" ਉਹ ਆਪਣਾ ਪਹਿਰਾਵਾ ਵੀ ਮਰਿਯਾਦਾ ਤਹਿਤ ਸਾਦਾ, ਪਰ ਫੱਬਦਾ ਰੱਖਦੇ। ਰੰਗਦਾਰ ਐਨਕ ਸ਼ੌਂਕ ਅਨੁਸਾਰ, ਜੇਬ ਘੜੀ, ਸਰਦੀਆਂ 'ਚ ਅਚਕਣ ਜ਼ਰੂਰ ਧਾਰਣ ਕਰਦੇ। ਬਿਨਾਂ ਕਿਸੇ ਸੰਕੋਚ ਦੇ ਦਿੱਲੀ ਆਏ ਜਥੇਦਾਰਾਂ ਦਾ ਮਾਇਆ ਤੇ ਬਸਤਰਾਂ ਨਾਲ ਮਾਨ-ਸਨਮਾਨ ਜ਼ਰੂਰ ਕਰਦੇ।

ਅਸ਼ੁੱਧ ਗੁਰਬਾਣੀ, ਗਲਤ ਰੀਤ ਜਾਂ ਆਪਣੇ ਵਿਸ਼ੇ ਤੋਂ ਭਟਕੇ ਹੋਏ ਨੂੰ ਤਾੜਨਾ ਵੀ ਕਰਦੇ। ਕਈ ਵਾਰੀ ਸਟੇਜ ਉੱਤੇ ਹੀ ਦਿੱਤੀ ਇਸ ਸਿੱਖਿਆ ਨੂੰ ਕਈ ਬੁਲਾਰੇ 'ਸਖ਼ਤ ਬੋਲ ਆਖੇ ਨੇ' ਕਹਿਕੇ ਨੱਕ ਮੂੰਹ ਵੱਟਦੇ, ਪਰ ਸਿਖਿਆਰਥੀਆਂ ਲਈ ਇਹ ਬੋਲ 'ਤਰੱਕੀ ਦੀ ਪੌੜੀ' ਨਾਲੋਂ ਘੱਟ ਨਾ ਹੁੰਦੇ।

1978 'ਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ 'ਚ ਵਿਨੇ ਨਗਰ (ਦਿੱਲੀ) ਉਹਨਾਂ ਪਲੇਠਾ ਦੀਵਾਨ ਲਗਾਇਆ। ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਪਹੁੰਚ ਪ੍ਰਧਾਨ ਗੁਰਦੀਪ ਸਿੰਘ ਢੋਡੇਵਾਲ (ਦਿੱਲੀ) ਰਾਹੀਂ ਜਥੇਦਾਰ ਜੀ ਲਈ 'ਮਹਾਨ ਕੋਸ਼' ਭੇਜਿਆ ਤੇ ਤਾਕੀਦ ਕੀਤੀ ਕਿ "ਇਸਨੂੰ ਪੜ੍ਹਕੇ ਗੁਰਬਾਣੀ ਸ਼ਬਦਾਂ ਦੇ ਅਰਥ ਤੇ ਇਤਿਹਾਸਿਕ ਨਾਵਾਂ-ਥਾਂਵਾਂ ਬਾਰੇ ਜਾਣਕਾਰੀ ਵਿਚ ਵਾਧਾ ਕੀਤਾ ਜਾਵੇ।" ਉਹਨਾਂ ਨੇ ਸਮੇਂ-ਸਮੇਂ 'ਤੇ ਸਾਰੇ ਗ੍ਰੰਥ ਤੇ ਪੁਸਤਕਾਂ ਆਪਣੇ ਸ਼ਾਗਿਰਦਾਂ ਨੂੰ ਦੇ ਦਿੱਤੀਆਂ। ਪਰ ਬੇਅੰਤ ਪਾਤਸ਼ਾਹ ਜੀ ਦੀ ਇਸ 'ਅਨਮੋਲ-ਨਿਸ਼ਾਨੀ' ਨੂੰ ਆਖਰੀ ਸਾਹਾਂ ਤੱਕ ਆਪਣੇ ਸਿਰ੍ਹਾਣੇ ਰੱਖਿਆ। ਉਹਨਾਂ ਦਾ ਵਿਚਾਰ ਸੀ- "ਜਿਸ ਕੋਲ ਮਹਾਨ ਕੋਸ਼ ਨਹੀਂ, ਉਹ ਪਰਚਾਰਕ ਹੀ ਨਹੀਂ।"

ਪ੍ਰਕਰਣ ਬਣਾਉਣ ਲੱਗਿਆਂ, ਉਹ ਸੰਤ ਟਹਿਲ ਸਿੰਘ ਜੀ 'ਸੱਦੋਵਾਲੀਏ' ਦੇ ਆਖੇ ਬਚਨ ਯਾਦ ਰੱਖਦੇ, "ਕਾਕਾ ਦੀਵਾਨ ਲਾਉਣਾ ਏ ਤਾਂ ਗੁਰਬਾਣੀ ਦੇ ਅਧਾਰ 'ਤੇ ਈ ਲਾਉਣਾ ਏ, ਅੱਵਲ ਤੇ ਕਵਿਤਾ ਨਹੀਂ ਪੜ੍ਹਨੀ ਤੇ ਜੇ ਪੜ੍ਹਨੀ ਪੈ ਵੀ ਜਾਏ ਤਾਂ ਕਿਸੇ ਯੱਭਲ ਕਵੀ ਦੀ ਨਾ ਪੜ੍ਹੀਂ।" ਘੰਟਿਆਂ ਬੱਧੀ, ਇਕ ਵਿਸ਼ੇ 'ਤੇ, ਕੇਵਲ ਗੁਰਬਾਣੀ ਪ੍ਰਮਾਣਾਂ ਰਾਹੀਂ ਵਿਆਖਿਆ ਕਰਦਿਆਂ ਦੀਵਾਨ ਲਾਉਣ ਪਿੱਛੇ, ਉਹਨਾਂ 'ਤੇ ਪੰਥ ਰਤਨ ਜਥੇਦਾਰ ਗਿਆਨ ਸਿੰਘ ਜੀ ਵੀਰੋਕੇ ਦਾ ਪ੍ਰਭਾਵ ਸੀ। ਉਹ ਅਕਸਰ ਕਹਿੰਦੇ, "ਯਾਰ, ਜਥੇਦਾਰ ਗਿਆਨ ਸਿੰਘ ਈ ਇੱਕ ਐਸਾ ਪਰਚਾਰਕ ਦੇਖਿਐ, ਸਾਜੀ ਭਾਵੇਂ ਦੋ ਨੇ ਭਾਵੇਂ ਵੀਹ, ਪੰਡਾਲ ਖਾਲੀ ਏ ਭਾਵੇਂ ਭਰਿਆ, ਮੱਥਾ ਟਿਕਿਐ ਭਾਵੇਂ ਨਹੀਂ, ਲੈ ਬਈ....ਓਨਾਂ ਉੱਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਹੀਂ ਸੀ ਹੁੰਦਾ, ਸਿਰ ਚੁੱਕ ਕੇ ਵੇਖਣਾ ਈ ਨਹੀਂ, ਬੱਸ ਅਨੰਦ

ਮਗਨ ਹੋਇਆਂ ਸਰੂਰ 'ਚ ਇਕ ਰਸ ਦੀਵਾਨ ਲਾਈ ਜਾਂਦੇ।"

ਉਹ ਸੁਣਨ ਨਾਲੋਂ ਪੜ੍ਹਨ ਨੂੰ ਜਿਆਦਾ ਤਰਜੀਹ ਦਿੰਦੇ। ਨਾਮਧਾਰੀ ਪੰਥ ਦੇ ਵਿਦਵਾਨਾਂ 'ਚੋਂ ਸੰਤ ਨਿਧਾਨ ਸਿੰਘ ਆਲਿਮ, ਡਾ. ਅਮਰ ਭਾਰਤੀ, ਕਵੀ ਪ੍ਰੀਤਮ ਸਿੰਘ, ਸ. ਜਸਵਿੰਦਰ ਸਿੰਘ ਹਿਸਟੋਰੀਅਨ ਦੀ ਸ਼ਲਾਘਾ ਕਰਦੇ। ਉਹਨਾਂ ਦੀ ਨਜ਼ਰੇ- "ਜੇ ਕਿਸੇ ਨੇ ਵਿਦਵਾਨ ਬਣਨੈ ਤੇ ਉਹ ਅਮਰ ਭਾਰਤੀ ਜੀ ਨੂੰ ਜ਼ਰੂਰ ਪੜ੍ਹੇ। ਕਿਸੇ ਵੀ ਸਮਾਗਮ ਜਾਂ ਮੱਨੁਖੀ ਸ਼ਖ਼ਸੀਅਤ ਦੀ ਇੰਨ-ਬਿੰਨ 'ਤਸਵੀਰ-ਬਿਆਨੀ' ਜੈਸੇ ਸ਼ਬਦਾਂ 'ਚ ਕਵੀ ਪ੍ਰੀਤਮ ਸਿੰਘ ਜੀ ਨੇ ਕੀਤੀ ਏ ਐਸੀ ਹੋਰ ਨ੍ਹੀਂ ਦੇਖੀ ਕਿਤੇ। ਕਵਿਤਾ ਪੜ੍ਹਨੀ ਏ ਤੇ ਆਲਿਮ (ਨਿਧਾਨ ਸਿੰਘ) ਤੇ ਬਾਲਮ (ਕਰਮ ਸਿੰਘ) ਨੂੰ ਜ਼ਰੂਰ ਪੜ੍ਹੋ।"

ਮਾਸਟਰ ਅਮਰੀਕ ਸਿੰਘ ਜੀ ਦੇ ਲਿਖੇ ਵੀ ਕਾਫ਼ੀ ਗੀਤ ਉਹਨਾਂ ਗਾਏ। ਨਾਮਧਾਰੀ ਪੰਥ ਤੋਂ ਬਾਹਰਲਿਆਂ 'ਚੋਂ ਗਿਆਨੀ ਸੰਤ ਸਿੰਘ ਮਸਕੀਨ ਤੇ ਰਜਨੀਸ਼ ਓਸ਼ੋ ਦੇ ਪਾਠਕ ਸਨ। ਕਹਿੰਦੇ- "ਮੇਰੀ ਵਾਕਫੀਅਤ 'ਓਸ਼ੋ' ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਰਾਈ। ਓਦੋਂ ਉਹਦਾ ਜਪਜੀ ਸਾਹਿਬ ਦਾ ਟੀਕਾ '੧ਓ ਸਤਿਨਾਮੁ' ਛਪਿਆ ਸੀ, ਪੰਜਾਬੀ 'ਚ। ਮੈਨੂੰ ਪੁਛਿਆ "ਤੂੰ ਪੜ੍ਹਿਆ ਏ?"

ਮੈਂ ਕਿਹਾ "ਜੀ ਨਹੀਂ"।

ਹੁਕਮ ਹੋਇਆ "ਤੂੰ ਜ਼ਰੂਰ ਪੜ੍ਹ, ਤੇਰੇ ਪੜ੍ਹਨ ਵਾਲਾ ਏ।"

"ਫਿਰ ਮੈਂ ਉਹਦੀਆਂ ਕਈ ਕਿਤਾਬਾਂ ਪੜ੍ਹੀਆਂ। ਵਾਕਈ ਬੰਦਾ ਸਿਆਣਾ ਸੀ।"

ਮੈਂ (ਲੇਖਕ) ਵੀ ਓਸ਼ੋ ਦਾ ਨਾਮ ਹੀ ਸੁਣਿਆ ਸੀ ਪਰ ਉਹਨੂੰ ਪੜ੍ਹਿਆ ਨਹੀਂ ਸੀ। ਮੈਂ ਜਥੇਦਾਰ ਜੀ ਤੋਂ ਪੁੱਛਿਆ- "ਉਹਦੀਆਂ ਕਿਤਾਬਾਂ ਕਿਥੋਂ ਮਿਲਣਗੀਆਂ?"

ਮੈਨੂੰ ਆਖਣ ਲੱਗੇ- "ਤੂੰ... ਅਜੇ ਨਾ ਪੜ੍ਹ ਉਹਨੂੰ ... ਅਜੇ ਤੇਰੇ ਪੜ੍ਹਨ ਵਾਲੀਆਂ ਨ੍ਹੀਂ ਸਾਰੀਆਂ ਗੱਲਾਂ...ਦਸ ਕੁ ਸਾਲ ਰੁਕ ਕੇ ਪੜ੍ਹੀਂ.... ਫੇਰ ਤੈਨੂੰ ਸਮਝ ਔਣਗੀਆਂ।" (2010 ਦੀ ਗਲ)

ਦੌਰਾ ਦੇਸ਼ 'ਚ ਹੋਵੇ ਜਾਂ ਵਿਦੇਸ਼ ਦਾ, ਇਕ ਦਿਨ ਦਾ ਹੋਵੇ ਭਾਵੇਂ ਇਕ ਮਹੀਨੇ ਦਾ, ਪਰ ਜਥੇਦਾਰ ਜੀ ਸੂਟਕੇਸ ਨਾ ਬਦਲਦੇ। ਛੋਟੇ ਜਿਹੇ 'ਹਮਸਫ਼ਰ-ਅਟੈਚੀ' ਵਿੱਚ 2 ਸੂਟ, 1 ਪਰਨਾ, 2 ਕਛਿਹਰੇ, 2 ਕੁੜਤੀਆਂ, 1 ਦਸਤਾਰ, ਦੀਵਾਨਾਂ ਵਾਲੀ ਕਾਪੀ, 1 ਪੈੱਨ ਜਾਂ ਲੋੜੀਂਦੀ ਸਮੱਗਰੀ ਦਵਾਈਆਂ ਆਦਿ ਤੋਂ ਛੁੱਟ ਹੋਰ ਕੁਝ ਨਹੀਂ। ਯਾਤਰੂ ਲਈ ਉਹਨਾਂ ਦਾ ਕੀਮਤੀ ਵਿਚਾਰ ਸੀ ਕਿ "ਇਕ ਤੋਂ ਵੱਧ ਤੇ ਵੱਡਾ ਸੂਟਕੇਸ ਅਤੇ ਜਿਆਦਾ ਸਮਾਨ ਚੁੱਕਣਾ, ਸਫ਼ਰ ਵਿੱਚ ਰੁਕਾਵਟ ਤੇ ਆਲਸ ਹੀ ਪੈਦਾ ਕਰਦਾ ਏ।"

ਜਿੰਮੇਵਾਰ-ਦੂਰਅੰਦੇਸ਼ ਏਨੇ ਕਿ ਸਰੀਰ ਤਿਆਗਣ ਤੋਂ ਥੋੜ੍ਹੇ ਦਿਨ ਪਹਿਲਾਂ ਮੈਨੂੰ ਆਖਿਆ, "ਮੇਰਾ ਸਰੀਰ ਹੁਣ ਸਾਥ ਨਹੀਂ ਦਿੰਦਾ, ਤੇ ਏਦਾਂ ਕਰੀਂ.... ਜਦੋਂ ਵੀ ਜ਼ਿੰਦਗੀ 'ਚ ਲੱਗੇ ਕਿ ਮੈਂ ਕੁਝ ਹੋਰ ਸਿੱਖਣਾ ਏ ਜਾਂ ਕੁਝ ਪੁੱਛਣਾ ਏ ਤੇ ਚੁੱਪ ਕਰਕੇ (ਸੰਤ) ਨਿਸ਼ਾਨ ਸਿੰਘ ਕੋਲ ਭੈਣੀ ਸਾਹਿਬ ਚਲਾ ਜਾਈਂ, ਉਹ ਸਿਆਣਾ ਏ, ਐਵੇਂ ਨਾ ਕਿਸੇ ਹੋਰ ਕੋਲ ਸਮਾਂ ਖਰਾਬ ਕਰੀਂ।" ਤਜ਼ਰਬੇ 'ਚੋਂ ਉਤਪੰਨ ਦੂਰਦ੍ਰਿਸ਼ਟੀ ਰਾਹੀਂ ਤੇ ਆਪਣਾ ਫਰਜ਼ ਸਮਝਦਿਆਂ ਮੇਰਾ ਭਵਿੱਖ ਵੀ ਇਕ ਮਹਾਨ ਸਖਸ਼ੀਅਤ ਦੇ ਹੱਥਾਂ ਵਿਚ ਸੌਂਪ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਜਦੋਂ ਵੱਡੇ-ਵੱਡੇ ਥੰਮ ਡੋਲ ਰਹੇ ਸਨ ਜਾਂ ਕੁਝ ਡਿੱਗ ਕੇ ਖਿੱਲਰ ਚੁੱਕੇ ਸਨ ਤਾਂ ਉਸ ਸਮੇਂ ਜਥੇਦਾਰ ਜੀ ਗੁਰੂ ਕਿਰਪਾ ਸਦਕਾ ਅਡੋਲ, ਅਟੱਲ, ਅਡਿੱਗ ਰਹੇ। ਪੰਜ ਪੁੱਤਰਾਂ ਦੇ ਪਰਿਵਾਰਾਂ ਦੇ ਕੀਮਤੀ ਮਣਕੇ ਉਹਨਾਂ ਇੱਕੋ ਮਾਲਾ 'ਚ ਪਰੋਈ ਰੱਖੇ। ਉਹਨਾਂ ਸੱਜਣਾਂ-ਮਿੱਤਰਾਂ-ਰਿਸ਼ਤੇਦਾਰਾਂ ਨੂੰ ਫੋਨ ਕਰਕੇ, ਘਰ ਜਾ ਕੇ ਵੀ ਸਮਝਾਇਆ ਕਿ ਸੱਚਾ-ਸਤਿਗੁਰ ਸ੍ਰੀ ਭੈਣੀ ਸਾਹਿਬ ਹੈ ਐਵੇਂ ਨਾ ਭਟਕਦੇ ਫਿਰੋ। ਪੰਥ ਵਿਰੋਧੀ ਵਿਅਕਤੀਆਂ ਸੰਬੰਧੀ ਉਹਨਾਂ ਦਾ ਪ੍ਰਤੀਕਰਮ ਸੀ, "ਜਿੰਨਾ ਮਰਜੀ ਇਹ ਸ਼ੋਰ ਪਾ ਕੇ ਉਛਾਲੇ ਮਾਰਨ, ਅਖੀਰ... ਪਾਣੀ ਨੂੰ ਪੁਲ ਹੇਠੋਂ ਈ ਲੰਘਣਾ ਪੈਂਦਾ ਏ, ਦੇਖੀਂ ਏਨਾਂ ਦਾ ਹਾਲ 'ਖੁਆਰ ਹੋਏ ਸਭ ਮਿਲੇਂਗੇ' ਵਾਲਾ ਹੋਵੇਗਾ।" ਪਿਛਲੇ ਸਮੇਂ ਦੌਰਾਨ ਦੇਖਣ 'ਚ ਆਇਆ ਹੈ ਕਈ ਖੁਆਰ ਹੋ ਕੇ ਸਤਿਗੁਰੂ ਉਦੇ ਸਿੰਘ ਜੀ ਨੂੰ ਆਣ ਮਿਲੇ ਨੇ।

ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਰੂਪ ਹੀ ਸਤਿਗੁਰੂ ਉਦੇ ਸਿੰਘ ਜੀ ਵਿੱਚ ਦੇਖਿਆ। ਹਾਜ਼ਰ ਸਤਿਗੁਰੂ ਪ੍ਰਤੀ ਉਹਨਾਂ ਅੰਦਰ ਰੰਚਕ ਮਾਤਰ ਵੀ ਸ਼ੰਕਾ ਨਹੀਂ ਦੇਖਿਆ। ਸਰੀਰ ਤਿਆਗਣ ਤੋਂ ਕੁਝ ਸਮਾਂ ਪਹਿਲਾਂ ਹਜ਼ੂਰ ਸਤਿਗੁਰੂ ਜੀ ਦੇ ਚਰਨਾਂ 'ਚ ਹਾਜ਼ਰ ਹੋਏ। ਮੈਨੂੰ ਆਖਿਆ, "ਤੂੰ ਸਤਿਗੁਰੂ ਜੀ ਨੂੰ ਬੇਨਤੀ ਕਰ ਕਿ ਮੈਂ (ਜਥੇਦਾਰ ਸੇਵਾ ਸਿੰਘ ਜੀ) ਅਰਜ਼ ਕਰਨੀ ਏ।" ਮੈਂ ਅਰਜ ਕੀਤੀ ਤੇ ਸਤਿਗੁਰੂ ਜੀ ਦੀ ਪ੍ਰਵਾਨਗੀ ਹੋ ਗਈ। ਜਥੇਦਾਰ ਜੀ ਨੇ ਹੱਥ ਜੋੜ ਬੜੀ ਹਲੀਮੀ ਤੇ ਅਧੀਨਗੀ ਨਾਲ ਅਰਜ਼ ਕੀਤੀ, "ਸੱਚੇ ਪਾਤਸ਼ਾਹ ਸਰੀਰ ਹੁਣ ਰਹਿੰਦਾ ਨਹੀਂ ਜਾਪਦਾ। ਦੋ ਮੰਗਾਂ ਨੇ, ਪਹਿਲੀ ਇਹ ਕਿ ਮੈਂ ਜਦੋਂ ਵੀ ਦੁਨੀਆਂ 'ਤੇ ਆਵਾਂ ਨਾਮਧਾਰੀ ਪਰਿਵਾਰ 'ਚ ਆਵਾਂ, ਆਪ ਜੀ ਦਾ ਸਿੱਖ ਹੋਵਾਂ। ਦੂਜੀ ਬੇਨਤੀ, ਮੈਂ ਰੋਜ ਅਰਦਾਸ ਕਰਦਾਂ ਕਿ ਜੁਗਾਂ ਪ੍ਰਯੰਤ ਆਪ ਜੀ ਦਾ ਜੱਸ ਗਾਇਨ ਕਰਦੇ ਰਹੀਏ। ਕਿਰਪਾ ਕਰੋ ਮੈਂ ਜਦੋਂ ਵੀ ਆਵਾਂ ਇਸੇ ਰੂਪ 'ਚ ਆਵਾਂ, ਤੁਹਾਡਾ ਹਰ ਜੱਸ ਕਰਾਂ- ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥"

ਸਤਿ ਸਰੂਪ ਸਤਿਗੁਰ ਦੀ ਹੋਂਦ ਦੇ ਨਾਲ ਸਿੱਖਾਂ ਦੀ ਹੋਂਦ ਵੀ ਸਦ-ਬਰਕਰਾਰ ਰਹਿੰਦੀ ਹੈ। ਆਉਣਾ ਤੇ ਜ਼ਰੂਰ ਹੋਵੇਗਾ ਜਥੇਦਾਰ ਜੀ ਦਾ, ਪਰ.... ਕਾਸ਼ ਜੇ ਮੈਂ ਪਹਿਚਾਣ ਸਕਾਂ।

..............................................

# ਮਾਨਸੂਨ ਵਿੱਚ ਚਮੜੀ ਦੀ ਦੇਖਭਾਲ

**-ਡਾ. ਅਲਪਨਾ ਠਾਕੁਰ**

ਉੱਤਰ ਭਾਰਤ ਵਿਚ ਮੌਨਸੂਨ ਦੀ ਸ਼ੁਰੂਆਤ ਹੋ ਚੁੱਕੀ ਹੈ। ਚਾਹ, ਪਕੌੜੇ, ਹਰਿਆਲੀ ਅਤੇ ਸਾਫ਼ ਹਵਾ ਸਭ ਨੂੰ ਚੰਗੀ ਲੱਗਦੀ ਹੈ। ਬਰਸਾਤਾਂ ਆਪਣੇ ਨਾਲ ਕਈ ਚਮੜੀ ਅਤੇ ਵਾਲਾਂ ਦੀਆਂ ਤਕਲੀਫ਼ਾਂ ਲੈ ਕੇ ਆਉਂਦੀਆਂ ਹਨ। ਪਰ ਕੁੱਛ ਸਧਾਰਣ ਸੁਝਾਅ ਤੁਹਾਡੀ ਚਮੜੀ ਅਤੇ ਵਾਲਾਂ ਨੂੰ ਤੰਦਰੁਸਤ ਰੱਖਣ ਵਿਚ ਸਹਾਇਤਾ ਕਰ ਸਕਦੇ ਹਨ।

ਹਵਾ ਵਿੱਚ ਜਿਆਦਾ ਨਮੀ ਹੋਣ ਕਰਕੇ ਪਸੀਨਾ ਜਿਆਦਾ ਆਉਂਦਾ ਹੈ, ਜੋ ਕਿ ਚਮੜੀ ਅਤੇ ਨਹੁੰਆਂ ਵਿੱਚ ਫੰਗਲ ਇਨਫੈਕਸ਼ਨ (ਲਾਗੇ) ਨੂੰ ਵਧਾਉਂਦਾ ਹੈ। ਇਹ ਜਿਆਦਾਤਰ ਅੰਦਰੂਨੀ ਹਿੱਸਿਆਂ ਅਤੇ ਹੱਥਾਂ ਪੈਰਾਂ ਦੀਆਂ ਉਂਗਲਾਂ ਦੇ ਵਿੱਚ ਹੁੰਦੀ ਹੈ। ਪਰ ਇਸ ਤੋਂ ਬਚਿਆ ਜਾ ਸਕਦਾ ਹੈ। ਐਂਟੀਸੈਪਟਿਕ ਸਾਬਣ ਦਾ ਇਸਤੇਮਾਲ ਨਾ ਕਰੋ, ਸਰੀਰ ਸੁੱਕਾ ਰੱਖੋ, ਸਿੱਲ੍ਹੇ ਕੱਪੜੇ ਨਾ ਪਾਓ, ਬੰਦ ਦੀ ਜਗ੍ਹਾ ਖੁੱਲ੍ਹੀ ਜੁੱਤੀ ਪਾਓ। ਜੇ ਬਰਸਾਤ ਵਿੱਚ ਭਿੱਜ ਜਾਓ ਤਾਂ ਚਮੜੀ ਸਾਫ਼ ਕਰਕੇ ਸੁੱਕੇ ਕੱਪੜੇ ਪਾ ਲਵੋ। ਜੇ ਇਨਫੈਕਸ਼ਨ ਹੋ ਜਾਵੇ ਤਾਂ ਚਮੜੀ ਦੇ ਮਾਹਰ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ ਅਤੇ ਇਲਾਜ ਕਰਵਾਓ।

ਬਰਸਾਤਾਂ ਵਿੱਚ ਜਿਆਦਾ ਪਸੀਨਾ ਆਉਣ ਕਰਕੇ ਕੁਦਰਤੀ ਤੇਲ ਧੋਤੇ ਜਾਂਦੇ ਹਨ ਅਤੇ ਚਮੜੀ ਸੁੱਕੀ ਅਤੇ ਬੇਜਾਨ ਹੋ ਜਾਂਦੀ ਹੈ। ਪਸੀਨੇ ਨਾਲ baterial ਇਨਫੈਕਸ਼ਨ ਦਾ ਖ਼ਤਰਾ ਵੀ ਵੱਧ ਜਾਂਦਾ ਹੈ, ਜਿਸ ਕਰਕੇ ਲੱਤਾਂ 'ਤੇ ਦਾਣੇ ਅਤੇ ਖਾਰਿਸ਼ ਹੋ ਸਕਦੀ ਹੈ। ਮੀਂਹ ਵਿੱਚ ਭਿੱਜਣਾ ਨਹਾਉਣ ਦੇ ਬਰਾਬਰ ਨਹੀਂ ਹੈ ਕਿਉਂਕਿ ਮੀਂਹ ਦੇ ਪਾਣੀ ਵਿੱਚ ਹਵਾ ਵਿੱਚੋਂ ਮਿਲੇ ਹੋਏ ਨੁਕਸਾਨਦੇਹ ਰਸਾਇਣ ਹੁੰਦੇ ਹਨ। ਬਾਰਿਸ਼ ਦੇ ਪਾਣੀ ਵਿੱਚ ਭਿੱਜ ਜਾਓ ਤਾਂ ਸਾਬਣ ਅਤੇ ਸਾਫ਼ ਪਾਣੀ ਨਾਲ ਚਮੜੀ ਸਾਫ਼ ਕਰੋ। ਚਮੜੀ ਨੂੰ ਨਮ (moisturized) ਰੱਖੋ। ਜੈਤੂਨ, ਨਾਰੀਅਲ ਅਤੇ ਬਦਾਮ ਦੇ ਤੇਲ ਦੀ ਵਰਤੋਂ ਕਰੋ। ਸਰੋਂ ਦੇ ਤੇਲ ਦੀ ਵਰਤੋਂ ਤੋਂ ਪ੍ਰਹੇਜ਼ ਕਰੋ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਜਦੋਂ ਮੀਂਹ ਪੈ ਰਿਹਾ ਹੈ, ਤਾਂ ਸਨਸਕ੍ਰੀਨ ਨੂੰ ਨਾ ਛੱਡੋ ਕਿਉਂਕਿ ਅਲਟਰਾਵਾਇਲਟ ਕਿਰਨਾਂ ਬੱਦਲ ਵਿੱਚੋਂ ਲੰਘਦੀਆਂ ਹਨ ਅਤੇ ਨੁਕਸਾਨ ਦਾ ਕਾਰਨ ਬਣਦੀਆਂ ਹਨ। ਧੁੱਪ ਤੋਂ ਬਚੋ ਅਤੇ ਸਨਸਕ੍ਰੀਨ ਲਗਾ ਕੇ ਰੱਖੋ ਚਾਹੇ ਧੁੱਪ ਨਾ ਵੀ ਹੋਵੇ। ਮੇਕਅਪ ਦੀ ਵਰਤੋਂ ਘੱਟ ਤੋਂ ਘੱਟ ਕਰੋ। ਪਾਣੀ ਜਿਆਦਾ ਪੀਓ ਅਤੇ ਤਲੀਆਂ ਚੀਜ਼ਾਂ ਤੋਂ ਪ੍ਰਹੇਜ਼ ਰੱਖੋ।

ਬਰਸਾਤਾਂ ਵਿੱਚ ਬੱਚਿਆਂ ਵਿੱਚ ਅਲਰਜੀ, ਕੀੜੇ ਦੇ ਕੱਟਣ ਅਤੇ ਚਮੜੀ ਦੇ ਇਨਫੈਕਸ਼ਨ ਦੀ ਜਿਆਦਾ ਸੰਭਾਵਨਾ ਹੁੰਦੀ ਹੈ। ਬੱਚਿਆਂ ਨੂੰ ਜਿਆਦਾ ਦੇਰ ਬਰਸਾਤ ਵਿੱਚ ਨਾ ਖੇਲਣ ਦਿਓ ਅਤੇ ਸੂਤੀ ਕੱਪੜੇ ਪਹਿਨਾਉ ਜੋ ਕਿ ਲੱਤਾਂ-ਬਾਹਵਾਂ ਢੱਕ ਕੇ ਰੱਖਣ ਤਾਂ ਕਿ ਕੀੜੇ ਦੇ ਕੱਟਣ ਤੋਂ ਬਚਾ ਹੋ ਸਕੇ। ਬੱਚੇ ਬਹੁਤ ਬਨਸਪਤੀ ਦੀ ਬਜਾਏ ਖੁੱਲ੍ਹੇ ਥਾਂ 'ਚ ਖੇਲਣ। ਕੀੜੇ ਦੇ ਕੱਟਣ ਤੇ ਲਾਲ ਜਾਂ ਕਾਲੇ ਨਿਸ਼ਾਨ ਜਾਂ ਧੱਫੜ ਹੋ ਸਕਦੇ ਹਨ। ਪਸੀਨੇ ਕਰਕੇ ਪਿੱਤ ਅਤੇ ਦਾਣੇ ਹੋ ਸਕਦੇ ਹਨ। ਬੱਚਿਆਂ ਨੂੰ ਸ਼ਿਕੰਜਵੀ ਅਤੇ ਵਿਟਾਮਿਨ ਸੀ ਦੇਣ ਨਾਲ ਪਿੱਤ ਵਿਚ ਘਾਟਾ ਹੁੰਦਾ ਹੈ।

ਗਿੱਲੇ ਵਾਲ ਨੁਕਸਾਨ ਦੇ ਵਧੇਰੇ ਸੰਭਾਵਤ ਹੁੰਦੇ ਹਨ। ਨਮੀ ਨਰਮ ਪੈਣ ਵਾਲੇ, ਬੇਕਾਬੂ ਵਾਲਾਂ ਦਾ ਕਾਰਨ ਬਣ ਸਕਦੀ ਹੈ, ਜੋ ਅਸਾਨੀ ਨਾਲ ਟੁੱਟ ਜਾਂਦੇ ਹਨ। ਬਰਸਾਤਾਂ ਨਾਲ ਵਾਲਾਂ ਦਾ ਟੁੱਟਣਾ ਵੱਧ ਜਾਂਦਾ ਹੈ। ਸਿਰ ਵਿੱਚ ਸਿਕਰੀ ਅਤੇ ਖਾਰਿਸ਼ ਵੱਧ ਜਾਂਦੀ ਹੈ। ਸਿਰ ਅਤੇ ਵਾਲਾਂ ਨੂੰ ਸਾਫ਼ ਅਤੇ ਸੁੱਕਾ ਰੱਖੋ। ਗਿੱਲੇ ਵਾਲ ਖਿੱਚ ਕੇ ਨਾ ਬੰਨੋ। ਸਿਰ ਦੀ ਚਮੜੀ 'ਤੇ ਤੇਲ ਨਾ ਲਗਾਓ। ਜੇ ਤੇਲ ਲਗਾਉਣਾ ਹੈ ਤਾਂ ਵਾਲਾਂ ਦੇ ਸਿਰਿਆਂ ਤੇ ਲਗਾ ਸਕਦੇ ਹੋ। ਜੇ ਸਿਰ ਵਿੱਚ ਸਿਕਰੀ ਅਤੇ ਖਾਰਿਸ਼ ਜਿਆਦਾ ਹੁੰਦੀ ਹੈ ਤਾਂ ਡਾਕਟਰ ਦੀ ਸਲਾਹ ਲਵੋ।

ਅੰਤ ਵਿੱਚ ਕੋਰੋਨਾ ਤੋਂ ਬਚਣ ਲਈ ਬਿਨਾ ਜ਼ਰੂਰੀ ਕੰਮ ਘਰ ਤੋਂ ਬਾਹਰ ਨਾ ਜਾਓ ਅਤੇ ਜਨਤਕ ਥਾਵਾਂ 'ਤੇ ਮਾਸਕ ਪਾ ਕੇ ਰੱਖੋ ਜੋ ਕਿ ਮੂੰਹ ਅਤੇ ਨੱਕ ਦੋਵਾਂ ਨੂੰ ਢੱਕ ਕੇ ਰੱਖੇ।

# ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

**-ਹਰਪਾਲ ਸਿੰਘ ਸੇਵਕ**

## (ਪਿਛਲੇ ਅੰਕ ਤੋਂ ਅੱਗੇ)

ਬਿਬੇਕ ਕਰਮ, ਸਾਧ ਕਰਮ ਹਨ, ਦੇਵ ਕਰਮ ਹਨ, ਬ੍ਰਹਮ ਕਰਮ ਹਨ ਅਤੇ ਅਬਿਬੇਕ ਕਰਮ, ਕੁਕ੍ਰਿਤ ਕਰਮ, ਖੋਟੇ ਕਰਮ ਅਤੇ ਅਸੁਰ ਕਰਮ ਹਨ।

ਬਿਬੇਕ ਕਰਮਾਂ ਵਾਲੇ ਮਨੁਖ ਨੂੰ ਦੇਵਤਾ ਅਤੇ ਅਬਿਬੇਕ ਕਰਮਾਂ ਵਾਲੇ ਨੂੰ ਅਸੁਰ (ਰਾਕਸ਼) ਕਿਹਾ ਜਾਂਦਾ ਹੈ। ਜਿਸ ਵਿਚ ਬਿਬੇਕ ਦੇ ਸਾਰੇ ਹੀ ਗੁਣ ਹਨ ਇਕ ਵੀ ਔਗੁਣ ਨਹੀਂ ਜੋ ਗੁਣਾਂ ਦਾ ਸਾਗਰ ਹੈ।

ਉਸਨੂੰ ਸਤਿਪੁਰਖ (ਪਰਮੇਸ਼ਰ) ਅਤੇ ਸਤਿਗੁਰੂ ਕਿਹਾ ਜਾਂਦਾ ਹੈ।- "ਸਤਿਪੁਰਖ ਪੂਰਨ ਬਿਬੇਕ।" ਇਸੇ ਲਈ ਗੁਰੂ ਚਰਨਾਂ ਵਿਚੋਂ ਬਿਬੇਕ ਬੁਧੀ ਦੀ ਕਾਮਨਾ ਕੀਤੀ ਗਈ ਹੈ। ਰਾਗ ਸੋਰਠਿ ਵਿਚ ਪੰਚਮ ਪਾਤਸ਼ਾਹ ਲ਼ਿਖਦੇ ਹਨ-

ਪਾਠ ਪੜਿਓ ਅਰੁ ਬੇਦ ਬੀਚਾਰਿਓ ਨਿਵਲਿ ਭੁਅੰਗਮ ਸਾਧੇ।<br>
ਪੰਜ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ।<br>
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ।<br>
ਹਾਰਿ ਪਰਿਓ ਸੁਆਮੀ ਕੈ ਦੁਆਰੈ **ਦੀਜੈ ਬੁਧਿ ਬਿਬੇਕਾ**॥ -

ਅੰਗ ੬੪੧

ਅਮੋਲਕ ਰਤਨ 'ਨਾਮੁ, ਅਤੇ ਬਿਬੇਕ ਬੁਧੀ ਦਾ ਦਾਤਾ ਸਤਿਗੁਰੂ ਹੀ ਹੈ-

**ਬਿਬੇਕ ਬੁਧਿ ਸਤਿਗੁਰ ਤੇ ਪਾਈ**<br>
ਗੁਰ ਗਿਆਨ ਗੁਰੂ ਪ੍ਰਭ ਕੇਰਾ॥<br>
ਜਨ ਨਾਨਕ ਨਾਮੁ ਗੁਰੂ ਤੇ ਪਾਇਆ<br>
ਧੁਰਿ ਮਸਤਕਿ ਭਾਗ ਲਿਖੇਰਾ॥

ਟੋਡੀ ਮ:੪ ੭੧੧

ਉਪਰੋਕਤ ਸਾਰਾ ਵਰਨਣ ਮਨ ਦੀ ਅਵਸਥਾ ਦਾ ਹੈ, ਚੰਗਿਆਈ ਅਤੇ ਬੁਰਿਆਈ, ਬਿਬੇਕ ਅਤੇ ਅਬਿਬੇਕ। ਇਸੇ ਲਈ ਗੁਰਸਿੱਖ ਰੋਜ਼ਾਨਾਂ ਦੀ ਅਰਦਾਸ ਵਿਚ ਗੁਰੂ ਚਰਨਾਂ ਚੋਂ ਬਿਬੇਕ ਬੁਧੀ ਦੀ ਕਾਮਨਾ ਕਰਦੇ ਹਨ। ਇਸ ਤੋਂ ਅੱਗੇ ਬਿਬੇਕੀ ਰਹਿਤ ਜਾਂ ਸਰੀਰਕ ਰਹਿਤ ਮਰਿਯਾਦਾ ਬਾਰੇ ਸੰਖੇਪ ਵਰਨਣ ਕਰਦੇ ਹਾਂ।

ਜਿਵੇਂ ਆਤਮਿਕ ਸ਼ੁਧੀ ਲਈ ਅੰਮ੍ਰਿਤ ਹੈ 'ਨਾਮ, ਭਾਵ ਗੁਰਮੰਤ੍ਰ ਹੈ

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ।<br>
ਜਿਸ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ।

(ਮ:੫ ੩੧੮)

ਪ੍ਰਮੇਸ਼ਰ ਦੇ ਨਾਮ ਦਾ ਅੰਮ੍ਰਿਤ ਰੂਪ ਖਜਾਨਾ ਹੈ ਨਾਮ-ਸਿਮਰਨ ਨਾਲ ਤ੍ਰਿਸਨਾ ਮਿਟਿ ਜਾਂਦੀ ਹੈ ਅਤੇ (ਆਤਮਿਕ) ਸੁਖ ਪ੍ਰਾਪਤ ਹੁੰਦਾ ਹੈ।

ਅਤੇ ਤਨ ਦੀ ਪਵਿੱਤਰਤਾ ਲਈ ਅੰਮ੍ਰਿਤ ਹੈ ਜੋ ਦਸਮ ਪਾਤਸ਼ਾਹ ਨੇ ਬਖਸ਼ਿਆ-

ਪੀਵਹੁ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੱਖਾਂ ਵਾਸਤੇ ਵਿਸ਼ੇਸ਼ ਰਹਿਤ ਮਰਯਾਦਾ ਕਾਇਮ ਕੀਤੀ। ਜਿਸ ਬਾਰੇ ਪੁਰਾਤਨ ਰਹਿਤਨਾਮਿਆਂ ਵਿਚ ਵਿਸਥਾਰ ਸਹਿਤ ਜਿਕਰ ਮਿਲਦਾ ਹੈ- ਰਹਿਤ ਮਰਯਾਦਾ ਦੀ ਮਹੱਤਤਾ ਬਾਰੇ ਭਾਈ ਸਾਹਿਬ ਸਿੰਘ ਜੀ ਰਹਿਤ ਨਾਮੇਂ ਵਿਚ ਗੁਰੂ ਸਾਹਿਬ ਦਾ ਹੁਕਮ ਲਿਖਦੇ ਹਨ-

ਭੇਖ ਪਿਆਰਾ ਨਾਹਿ ਮਮ, ਵਰਣ ਪਿਆਰਾ ਨਾਹਿ॥<br>
ਰਹਿਤ ਪਿਆਰੀ ਮੋਹਿ ਕੋ ਸਿਦਕ ਪਿਆਰਾ ਆਹਿ॥

ਖਾਲਸੇ ਦੀ ਰਹਿਤ ਵਿਚ ਸਭ ਤੋਂ ਮੁੱਢਲੇ ਅਸੂਲ ਹਨ- ਸਾਬਤ ਸੂਰਤ ਸਿੱਖੀ ਸਰੂਪ ਦੇ ਧਾਰਣੀ ਹੋਣਾ। ਪੰਜ ਕਕਾਰਾਂ: ਕੰਘਾਂ, ਕੜਾ, ਕਛ, ਕੇਸ ਅਤੇ ਕਿਰਪਾਨ ਦੇ ਧਾਰਣੀ ਹੋਣਾ ਹੈ ਅਤੇ ਸਾਫ-ਸਵੱਛ ਰਹਿਣਾ ਉਦਮੀ ਹੋਣਾ ਵੀ ਜਰੂਰੀ ਹੈ-

ਕੰਘਾ ਦੋਨੋ ਵਕਤ ਕਰ, ਪਾਗ ਚੁਨਹਿ ਕਰ ਬਾਂਧਹੀ॥<br>
ਦਾਤਨ ਨੀਤ ਕਰੇਇ ਨਾ ਦੁਖ ਪਾਵਹਿ ਲਾਲ ਜੀ॥

ਖਾਲਸਈ ਰਹਿਤ ਮਰਿਯਾਦਾ ਦੇ ਧਾਰਣੀ ਗੁਰਸਿੱਖਾਂ ਨੂੰ 'ਬਿਬੇਕੀ ਸਿੰਘ, ਵੀ ਕਿਹਾ ਜਾਂਦਾ ਹੈ। ਨਿਹੰਗ ਜਥੇ ਬੰਦੀਆਂ ਵਿਚ, ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਵਿਚ ਅਤੇ ਨਾਮਧਾਰੀ ਸਿੰਘਾਂ ਵਿਚ ਬਿਬੇਕੀ ਰਹਿਤ ਪ੍ਰਚਲਤ ਹੈ। ਨਾਮਧਾਰੀ ਸਿੱਖ ਸੰਪਰਦਾਇ ਵਿਚ ਬਿਬੇਕ ਰਹਿਤ ਦੇ ਆਗਮਨ ਦਾ ਇਕ ਇਤਿਹਾਸ ਹੈ। ਸਿੱਖ ਰਾਜ ਵੇਲੇ ਪੰਜਾਬ ਵਿਚ ਸਿੱਖ-ਸਰਦਾਰ ਐਸ਼ ਪ੍ਰਸਤੀ ਵਿਚ ਗਲਤਾਨ ਧਰਮ ਕਰਮ ਛਡ ਬੈਠੇ। ਮਾਸ, ਸ਼ਰਾਬ, ਕਬਾਬ ਆਦਿ ਆਮ ਪ੍ਰਚਲਤ ਹੋ ਗਿਆ ਉਸ ਸਮੇਂ ਦੀਆਂ ਪ੍ਰਸਥਿਤੀਆਂ ਬਾਰੇ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਜਮਾਨੇ ਦੇ ਬਦਨ ਸਦਨ ਵਿਚ ਲਿਖਦੇ ਹਨ-

ਜਾਗ ਜਿਨ ਕੇ ਬਡੇਰੇ ਬਾਣੀ ਪੜਤੇ ਸਵੇਰੇ<br>
ਬਿਨਾ ਗੁਰੂ ਗ੍ਰੰਥ ਹੇਰੇ ਅੰਨ ਜਲ ਪਾਨ ਨ ਕਰੈਂ।

ਤਿਨਹੀ ਕੇ ਨਾਤੀ ਧੂਪ ਦੀਪ ਕੀ ਕਹਾ ਬਖਯਾਤੀ,
ਪਾਇ ਹੈ ਨ ਝਾਤੀ ਮੂਸ ਗ੍ਰੰਥ ਖਾਤ ਜੇ ਪਰੈਂ।

ਅਤੇ

ਸਿੰਘਨ ਕੇ ਪੂਤ ਸਿੰਘ ਨਾਮ ਮਜਬੂਤ ਵਾਲੇ
ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈ।

ਸਿੱਟੇ ਵਜੋਂ ਪੰਜਾਬ ਚੋਂ ਖਾਲਸਈ ਰਹਿਤ ਮਰਿਯਾਦਾ ਵੀ ਕ੍ਰੀਬ ਅਲੋਪ ਹੋ ਗਈ। ਏਸੇ ਸਮੇਂ ਦੌਰਾਨ ਹੀ ਨਾਮਧਾਰੀ ਸਿੱਖ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ 1837 ਤੋਂ 1845 ਤੱਕ ਖਾਲਸਾ ਫੌਜ ਵਿਚ ਰਹੇ। ਨਾਮ-ਬਾਣੀ ਦੇ ਪ੍ਰੇਮੀ ਅਤੇ ਰਹਿਤ ਮਰਿਯਾਦਾ ਦੇ ਧਾਰਣੀ ਹੋਣ ਕਰਕੇ ਫੌਜ ਵਿਚ ਆਪਨੂੰ ਭਾਈ ਜੀ ਕਹਿ ਕੇ ਸਤਿਕਾਰਿਆ ਜਾਂਦਾ ਸੀ। ਆਪ ਦੀ ਸੰਗਤ ਕਰਕੇ ਆਪ ਦੇ ਫੌਜੀ ਸਾਥੀ ਵੀ ਨਾਮ ਬਾਣੀ ਦੇ ਨਿਤਨੇਮੀ ਬਣ ਗਏ। ਇਸ ਪਲਟਨ ਨੂੰ 'ਭਗਤਾਂ ਵਾਲੀ ਫੌਜ' ਕਿਹਾ ਜਾਂਦਾ ਸੀ। ਪੰਜਾਬ ਦੇ ਬਰਤਾਨਵੀ ਸਾਮਰਾਜ ਦੇ ਅਧੀਨ ਹੋਣ ਉਪਰੰਤ ਆਪ ਆਪਣੇ ਪਿੰਡ ਸ੍ਰੀ ਭੈਣੀ ਸਾਹਿਬ ਆ ਗਏ। ਜਿਥੇ ਆਪ ਨੇ ਦੇਸ਼ ਦੀ ਆਜ਼ਾਦੀ ਲਈ ਮੋਢੀ ਭੂਮਿਕਾ ਨਿਭਾਈ ਉਥੇ ਦਸਮ ਪਾਤਸ਼ਾਹ ਦੇ ਖਾਲਸੇ ਦੀ ਰਹਿਤ-ਮਰਿਯਾਦਾ ਅਤੇ ਉੱਚੇ-ਸੁੱਚੇ ਕਿਰਦਾਰ ਨੂੰ ਪੁਨਰ ਸਥਾਪਿਤ ਕੀਤਾ। 12 ਅਪ੍ਰੈਲ 1857 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੰਘਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਆਪ ਨੇ ਕ੍ਰੀਬ 1958 ਵਿਚ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜਿਆ। ਪਿੰਡ ਮਦੀਰ ਜਿਲਾ ਮੁਕਤਸਰ ਦੇ ਭਾਈ ਰਾਇ ਸਿੰਘ ਨੇ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰੋਂ ਗੁਰਬਾਣੀ ਪਾਠ, ਅਰਥ ਬੋਧ ਅਤੇ ਕਥਾ ਦੀ ਸੰਥਿਆ ਗ੍ਰਹਿਣ ਕੀਤੀ ਸੀ। ਭਾਈ ਰਾਇ ਸਿੰਘ ਜੀ ਨੂੰ ਸ੍ਰੀ ਹਜ਼ੂਰ ਸਾਹਿਬ ਭੇਜਣ ਦਾ ਪ੍ਰਯੋਜਨ ਉਥੋਂ ਸਾਹਿਬ ਦਸਮ ਪਾਤਸ਼ਾਹ ਦੀ ਰਹਿਤ-ਮਰਿਯਾਦਾ ਲਿਆਉਣਾ ਸੀ। ਭਾਈ ਰਾਇ ਸਿੰਘ ਜੀ ਹਜ਼ੂਰ ਸਾਹਿਬ ਗਏ ਕੁਝ ਮਹੀਨੇ ਉਥੇ ਰਹੇ। ਰੋਜਾਨਾ ਕਥਾ ਕਰਦੇ ਰਹੇ। ਭਾਈ ਸਾਹਿਬ ਦੇ ਵਾਪਸ ਸ੍ਰੀ ਭੈਣੀ ਸਾਹਿਬ ਆਉਣ ਤੋਂ ਬਾਦ ਜੋ ਜਾਣਕਾਰੀ ਰਹਿਤ ਮਰਿਯਾਦਾ ਦੀ ਲੈ ਕੇ ਆਏ, ਉਹ ਨਾਮਧਾਰੀ ਪੰਥ ਵਿਚ ਲਾਗੂ ਕੀਤੀ ਗਈ। ਵਿਸ਼ੇਸ਼ ਕਰਕੇ ਲੰਗਰ ਦੀ ਮਰਿਯਾਦਾ ਜਿਸਨੂੰ ਨਾਮਧਾਰੀ ਸਿੱਖਾਂ ਵਿਚ ਸੋਧ ਮਰਿਯਾਦਾ ਵੀ ਕਿਹਾ ਜਾਂਦਾ ਹੈ। ਇਸ ਰਹਿਤ ਦੇ ਧਾਰਣੀ ਸਿੰਘਾਂ ਨੂੰ 'ਸੋਧੀ ਸਿੰਘ' ਕਿਹਾ ਜਾਂਦਾ ਹੈ। ਦਸਮ ਪਾਤਸ਼ਾਹ ਦੀ ਪ੍ਰਚਲਤ ਰਹਿਤ ਮਰਿਯਾਦਾ ਦੇ ਆਧਾਰ ਤੇ ਹੀ ਆਪ ਨੇ ਸ੍ਰੀ ਭੈਣੀ ਸਾਹਿਬੋਂ ਨਾਮਧਾਰੀ ਸੰਗਤ ਦੇ ਨਾਮ ਇਕ ਰਹਿਤਨਾਮਾ ਜਾਰੀ ਕੀਤਾ। ਇਹ ਰਹਿਤਨਾਮਾ ਜਾਰੀ ਕਰਨ ਦਾ ਸੰਮਤ ਕ੍ਰੀਬ 1917 ਬਿਕ੍ਰਮੀ (1860 ਈ:) ਬਣਦਾ ਹੈ। ਇਸ ਰਹਿਤਨਾਮੇ ਦਾ ਮੂਲ ਪਾਠ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੈ-

ਰਹਿਤਨਾਮਾ

ੴ ਸਤਿਗੁਰ ਪ੍ਰਸਾਦਿ ॥

ਲਿਖਤੁਮ ਰਾਮ ਸਿੰਘ, ਹੋਰ ਸੰਬੂਹ ਖਾਲਸਾ ਜੀ ਭੈਣੀ ਦਾ, ਸੰਬੂਹ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ।

ਹੋਰੁ ਰਹਿਤਨਾਮਾ ਸੰਬੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ। ਪਿਛਲੀ ਰਾਤ ਉਠ ਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ। ਦੋ ਵਾਰੀ ਗੜਵਾ ਮਾਜਨਾ। ਮਦਾਨ ਬਸਤ੍ਰ ਲਾਹਿ ਕੇ ਜਾਨਾ, ਦਾਤਨ ਕਰਨੀ, ਫੇਰ ਇਸ਼ਨਾਨੁ ਕਰਨਾ। ਬਾਣੀ ਪੜਨੀ, ਜੇ ਕੰਠ ਨਾ ਹੋਵੇ ਤਾ ਕੰਠ ਕਰ ਲੈਣੀ ਸਰਬ ਮਾਈ ਬੀਬੀ ਸਰਬ ਬੁਢੇ ਬਾਲੇ ਨੇ। ਜਪੁ, ਜਾਪੁ, ਦੁਹਾ ਦੇ ਹਜਾਰੇ ਕੰਠ ਕਰਨੇ। ਰਹਿਰਾਸ, ਆਰਤੀ ਸੋਹਿਲਾ ਏਤਨੀ ਤਾ ਜਰੂਰ ਹੀ ਕੰਠ ਕਰਨੀ ਤੇ ਸੀਲ ਸੰਤੋਖੁ ਸਭ ਨੇ ਰਖਨਾ। ਭਜਨੁ ਅਠੇ ਪਹਰ ਕਰਨਾ ਗੁਰੂ ਸਚੇ ਦਾ।

ਹੋਰੁ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ"। ਜੋ ਕੋਈ ਭਜਨੁ ਪੁਛ ਕੇ ਨਾ ਕਰੂਗਾ ਉਸ ਦਾ ਮੂਹ ਦੁਹੀ ਜਹਾਨੀ ਕਾਲਾ ਹੋਊਗਾ। ਹੋਰੁ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾ ਕਰਨੀ, ਬੋਲੁ ਕੁਬੋਲੁ ਸਹਿ ਜਾਣਾ ਸਭ ਦਾ। ਜੋ ਕੋਈ ਮਾਰੇ ਕੁਛੁ, ਤਾ ਭੀ ਖਿਮਾ ਕਰਨੀ, ਤੁਸਾ ਦਾ ਰਛਕ ਗੁਰੂ ਹੈ ਹਰਿ ਬਖਤ । ਤੁਸੀ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ ਹਰਿ ਬਖਤ । ਦੁਵਾਨੁ ਲਾਉਣਾ, ਹਰ ਦਿਨ ਸਬਦੁ ਕੀਰਤਨੁ ਕਰਨਾ।

ਜੇ ਕਰ ਜਗ ਕਰਨਾ ਹੋਵੇ ਤਾ ਚੌਕਾ ਦੇਣਾ। ਭਾਡੇ ਕੋਰੇ ਲਿਆਉਣੇ। ਚੌਕੇ ਬਿਚ ਚਰਨ ਧੋਇ ਕੇ ਬੜਨਾ। ਅਰ ਹੋਮ ਬੀ ਕਰਨਾ। ਪਹਲੇ ਚੌਕਾ ਦੇਣਾ ਹੋਮ ਦੀ ਜਗਾ, ਲਕੜੀ ਹੋਮ ਵਿਚ ਪਲਾਹ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ। ਫੂਕ ਨਹੀ ਮਾਰਨੀ, ਹੋਮ ਦੀ ਅੱਗ ਨੂੰ ਪਖੀ ਨਾਲ ਝਲਣਾ। ਪੰਜ ਆਦਮੀ ਹੋਮ ਵਿਚ ਪੋਥੀਆਂ ਉਤੋ ਬਾਣੀ ਪੜਨੀ ਚਉਪਈ, ਜਪੁ, ਜਾਪੁ, ਚੰਡੀ ਚਰਿੱਤ੍ਰ, ਅਕਾਲ ਉਸਤਤ, ਚੰਡੀ ਦੀ ਵਾਰ, ਉਗ੍ਰਦੰਤੀ ਛੇਵਾਂ ਆਦਮੀ ਅਹੁਤੀਆਂ ਪਾਵੇ। ਸਤਵਾਂ ਮਗਰੋ ਨਾਲ ਹੀ ਜਲ ਦਾ ਛਿਟਾ ਦੇਵੇ ਥੋੜਾ ਥੋੜਾ। ਜੇ ਕੋਈ ਮੰਦਾ ਕਰਮੁ ਕਰੇ ਜਾਰੀ ਚੋਰੀ ਤਾ ਕਿਸੇ ਹੀ ਥਾ ਦੁਵਾਨੁ ਬਿਚ ਨਹੀ ਬੜਨ ਦੇਣਾ। ਜੇ ਕਰ ਜੋਰਾਬਰ ਹੋਵੇ ਤਾਂ ਸਭਨਾਂ ਨੇ ਏਹੁ ਅਰਦਾਸ ਕਰਨੀ ਜੀ ਏਹੁ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ।

**ਚਲਦਾ.............**

# संगीत मार्तण्ड पंडित जसराज - एक सांगीतिक यात्रा

**- राजेश कुमार मालवीय (तबला शिक्षक)**

17 अगस्त की शाम जब मै नामधारी कला केंद्र में अपनी तबले की क्लास के रहा था तो मेरी बेटी रत्ना का फोन आया कि संगीत मार्तण्ड पंडित जसराज जी नहीं रहे तो मन को एक धक्का सा लगा और मन अतीत की यादों में खो गया........

श्री भैणी साहिब, 2 मई 2003 की सुबह, करीब दस बजे के आस पास का वक्त रहा होगा मुझे सूचना मिली की पंडित जसराज जी जो अपने एक कार्यक्रम के सिलसिले में लुधियाना आए थे, वो श्री सतगुरु जगजीत सिंह जी के दर्शन के लिए श्री भैणी साहिब पधार रहे हैं....मै झटपट तैयार हो कर सतगुरु जी की कोठी पहुंच गया जहां पहले से ही रागी मोहन सिंह जी, सुखदेव सिंह जी आदि...पंडितजी के इंतजार में उनके स्वागत के लिए खड़े थे। कुछ समय बाद पंडितजी की कार सतगुरु जी की कोठी पर आ कर रुकी हम सभी ने पंडितजी को प्रणाम कर के उनका स्वागत किया , उनके साथ उनकी बेटी दुर्गा जसराज, तबला नवाज़ श्री विजय घाटे और कुछ साथी कलाकार भी थे। सभी की चंडीगढ़ से मुंबई की फ्लाइट थी। पंडित जसराज जी को सतगुरुनी के दर्शन की जल्दी थी क्योंकि उनकी फ्लाइट का समय भी नजदीक आता जा रहा था परन्तु सतगुरु जी उस समय अपनी बाग वाली कोठी में व्यस्त थे....। पंडितजी को माताजी वाली कोठी में ले जाया गया जहां आ कर सतगुरु जी ने दर्शन देने थे। रागी बलवंत सिंह ने सतगुरु जी के चरणों में अर्ज की की पंडित जसराज जी आपके दर्शन के लिए आ चुके हैं .....। किसी कारणवश सतगुरु जी को माताजी वाली कोठी में आने में विलम्ब हो रहा था और वहां पंडित जी की बेचैनी बढ़ती जा रही थी कि कहीं फ्लाइट ना छूट जाए.....। कुछ समय पश्चात श्री सतगुरु जगजीत सिंह जी अपनी क्लब कार में पधारे तो पंडित जी ने अपने चिर परिचित अंदाज़ में दोनों हाथ उठा कर "जय हो, जय हो " का उद्घोष किया और सतगुरु जी को मत्था टेका  सतगुरु जी के लिए पहले से ही एक मंजे पर आसान बिछाया हुआ था, सतगुरु जी आसान पर विराजमान हो गए और पंडित जी और उनके साथी कलाकारों के साथ हम सभी दरी पर बैठ गए कुछ समय सतगुरु जी के दर्शन करते करते पंडित जी दर्शन में इतना खो गए की उनको अपनी फ्लाइट के समय का ध्यान ही नहीं रहा......दर्शन में लीन, भाव विभोर हो पंडित जी ने एक भजन गाने के लिए सतगुरु जी को अर्ज की तो सतगुरु जी ने सेवक संत रछपाल सिंह जी को इशारे से पूछा कि पंडित जी क्या चाहते हैं....?तो सेवक रछपाल सिंह जी ने अर्ज की कि पंडितजी एक भजन सुनना चाहते हैं ..... सतगुरु जी ने रछपाल सिंह जी को अपना आसन मंजे से हटा कर नीचे बिछाने का हुक्म किया....ये देख पंडितजी ने अर्ज की कि महाराज आप ऊपर ही बैठे रहें हम ऐसे ही सुना देंगे इस पर रछपाल जी ने पंडित जी को बताया कि अगर कोई बच्चा भी राग का गायन कर रहा हो तो भी सतगुरु जी उसके बराबर ही अपना आसन लगवाते हैं .......इतना सुनते ही पंडित जी की आंखें भर आईं और अर्ज की कि मैंने बहुत से धार्मिक स्थानों में, और कई महापुरषों और साधुओं के सामने अपना गायन प्रस्तुत किया लेकिन संगीत और कलाकारों का ऐसा सम्मान मुझे कहीं भी देखने को नहीं मिला......। फिर पंडितजी ने एक भजन सुनाया जिसके बोल थे "गुरु आज्ञा में निस दिन रहिए, जो गुरु चाहे सोई सोई करिए....." गाते गाते पंडित जी सतगुरु जी के दर्शनों में खो चुके थे और वहां उपस्थित संगत की आंखें भी वैराग्य और भावुकतावश आंसुओं से भरी हुई थीं।

ऐसे महान कलाकार और एक महान विभूति

अब शरीर से हमारे बीच नहीं है परन्तु उनका संगीत और श्रद्धा- भक्ति अमर है जो हम सबके लिए प्रेरणा को स्त्रोत रहेगा। सतगुरु जी के चरणों में अरदास है की उनकी जीवात्मा को अपने श्री चरणों में स्थान प्रदान करें।

पण्डित जसराज जी का जन्म २८ जनवरी १९३० को हिसार में हुआ। भारत के प्रसिद्ध शास्त्रीय गायकों में से एक थे। जसराज जी का संबंध मेवाती घराने से है। जसराजजी जब चार वर्ष उम्र में थे तभी उनके पिता पण्डित मोतीराम जी का देहान्त हो गया था और उनका पालन पोषण बड़े भाई पण्डित मणीराम जी के संरक्षण में हुआ।

जसराज जी को उनके पिता पंडित मोतीराम जी ने मुखर संगीत में दीक्षा दी और बाद में उनके बड़े भाई पंडित प्रताप नारायण जी ने उन्हे तबला संगतकार में प्रशिक्षित किया वह अपने सबसे बड़े भाई, पंडित मणिराम जी के साथ अपने एकल गायन प्रदर्शन में अक्सर शामिल होते थे। तबला संगतकर के रूप में किसी कार्यक्रम में अपमानित होने पर जसराज जी ने 14 साल की उम्र में शास्त्रीय गायन का प्रशिक्षण लेना प्रारंभ किया, इससे पहले तक वे तबला वादक ही थे। जब उन्होने तबला त्यागा तो उस समय संगतकारों द्वारा सही व्यवहार नहीं किया गया। उन्होंने 22 साल की उम्र में गायक के रूप में अपना पहला मंच प्रदर्शन किया। मंच कलाकार बनने से पहले, जसराज ने कई वर्षों तक रेडियो पर एक प्रदर्शन कलाकार के रूप में काम किया।

हालाँकि जसराज मेवाती घराने से संबंध रखते हैं, जो संगीत का एक प्रसिद्ध घराना है और ख़याल के पारंपरिक प्रदर्शनों के लिए जाना जाता है जसराज ने ख़याल गायन में कुछ लचीलेपन के साथ ठुमरी, हल्की शैलियों के तत्वों को जोड़ा है जसराज के करियर के शुरुआती दौर में उन्हें संगीत के अन्य विद्यालयों या घरानों के तत्वों को अपनी गायकी में शामिल किए जाने पर उनकी आलोचना की गई थी। हालांकि, संगीत समीक्षक एस° कालिदास ने कहा कि घरानों में तत्वों की यह उधारी अब आम तौर पर स्वीकार कर ली गई है।

जसराज ने जुगलबंदी का एक उपन्यास रूप तैयार किया, जिसे जसरंगी कहा जाता है, जिसे मूर्छना की प्राचीन प्रणाली की शैली में किया गया है जिसमें एक पुरुष और एक महिला गायक होते हैं जो एक समय पर अलग-अलग राग गाते हैं।

जसराज जी ने संगीत दुनियाँ में 80 वर्ष से अधिक बिताए और कई प्रमुख पुरस्कार प्राप्त किए। जिनमें भारत सरकार द्वारा प्रदत्त पद्मश्री (1975), हरियाणा सरकार द्वारा प्रदत्त संगीत मार्तण्ड (1977), संगीत नाटक अकादमी अवॉर्ड (1987), पद्मभूषण अवॉर्ड (1990), पद्मविभूषण अवॉर्ड (2000), संगीत नाटक अकादमी फैलोशिप (2010), मारवाड़ संगीत रत्न पुरस्कार (2014) आदि शामिल हैं।

शास्त्रीय और अर्ध-शास्त्रीय स्वरों के उनके प्रदर्शनो को एल्बम और फिल्म साउंडट्रैक के रूप में भी बनाया गया हैं। उन्होंने एक कीर्तिमान बनाया, जिसमें वह उत्तरी और दक्षिण ध्रुव में प्रदर्शन करने वाले पहले भारतीय थे। जसराज ने भारत, कनाडा और अमेरिका में संगीत सिखाया है। उनके कुछ शिष्य उल्लेखनीय संगीतकार भी बने हैं।

लंबे समय से अस्वस्थ चल रहे पंडित जसराज जी ने 17 अगस्त 2020 को अमेरिका के न्यू जर्सी में अपनी जीवन यात्रा समाप्त करते हुए अंतिम सांस ली। उनके देवलोक गमन से भारतीय शास्त्रीय संगीत जगत में जो रिक्तता आई है उसकी पूर्ति असंभव है। सतगुरु जी के चरणों में अरदास है की उनकी जीवात्मा को अपने श्री चरणों में स्थान प्रदान करें।

............................................

# REVIVING OUR SENSE OF FAITH

**- Nihal Kaur (Ghaziabad)**

"The 16th day of December 2019. It was a normal day and I was with my parents and sister on our way to grab some dinner before heading back home from the passport office. My throat was not feeling well and so, I decided not to eat anything. My mother insisted so I took a bite off her Kulcha and the moment I put it in my mouth, I started vomiting, spitting out a crazy lot of saliva and then, the next thing I remember for myself is that I was in a child clinic. I was breathing very heavily, feeling nausea. I was losing my body control and also my mind because events were not making any sense. I mean I was absolutely fine the previous day. I even played badminton for two hours straight. And now, in this moment, I could see my breaths giving up on life.

**Sat Sri Akal! My name is Ganga Singh, I am 15 years old and this is my story of how I was given my life back to me.**

Right from leaving the nursing home that day at 10 PM to getting to another hospital and from there to arriving at the SPS Hospital, Ludhiana at 12 midnight the next day, I was not allowed to sleep. My parents were doing their best to keep me awake; sprinkling water into my eyes, narrating *Saakhees* and poems. I don't really remember much for myself.

The doctors at the local hospital had already termed it an Asthma attack which I never knew I was living with and then came the final diagnosis. Guillain-Barre syndrome - GBS is what they called it. It is a condition in which the immune system attacks the nerves.

For a little context to my life, my grandfather S. Dharam Singh Ji was a Jathedaar and therefore always had a *Saakhi* to share with my cousins and me. He'd tell us stories about how Satguru Partap Singh Ji and Satguru Jagjit Singh Ji performed *Kohtaks* and overawed us. I have essentially grown amidst these stories of miracles of our Satgurus. Little did I know I will become one someday.

When I now read about the diseases I was diagnosed with, I realise that it can take up to a year for patients to get to a point where the doctors can see hope. And then with HH *Kirpa*, all it took me was 85 days. In those 85 days, I pretty much covered an entire circle of life.

During the course of my stay at the hospital, Satguru Uday Singh Ji, the most merciful, the kindest visited to bless me with their Darshan four times. And I might be too young to actually quote this, but all times that they visited, they did things and I kept getting better. Call it my faith, perhaps.

There was this one time when because of the tracheostomy (where an incision is made in the windpipe and an external device is attached to your throat), my left ear was giving me a hard time. It was paining pretty badly. And Satguruji were to come and have a round that day. The moment HH entered the PICU, very unusually, they started kind of caressing the ear that was paining. He had never done that before. I didn't realize it that time but a few moments after they had left, it was like my ears never knew what pain felt like. And this was all when I was on three anesthetic injections because of a routine MRI. It was probably because I knew Satguruji had to visit that day, my soul was just not ready to miss the darshan.

On the 29th of January - one day before I was to get discharged from the hospital,

Basant Mela was being celebrated and my father had gone to attend that. He did an Arj and Satguruj there quotes "*Chalo, Kal Chhuti Mil Rahi Ae.*" Patshahi ji had already asked us to stay at Bhaini Sahib for some days after getting discharged.

And then on the very day of getting discharged, 30th January 2020, I got up with high fever out of nowhere and I was told I might not be discharged and then my father used this term "*Bhijj Ke Ardaas Kar Charna Vich*," which I did. And by 11:30AM or so, the culture report came just as fine. Fever had dropped, vitals were satisfactory, and the saturation levels had become normal. The doctors were flabbergasted. Finally, got the green flag to move out, thanked the hospital team and headed towards Bhaini Sahib.

I was thrilled, I had been waiting for this day and it was then there after all. I was adamant and was, therefore, allowed to take a bath with all precautions before getting discharged. I even tied my *Rumaali* myself. As we arrived, the afternoon *Nitnem* was going on at Sri Partap Mandir. I was being taken inside on a wheelchair. I hadn't thought about it by then but as soon as I realised that Patshaji's Nazraa'n had blessed me, I felt the energy to make use of my own feet. Although walking incurred severe breathlessness on me. But then Patshaji, through His kind gestures and a smile, asked me to go get settled; and that made it all worth it.

My parents and I were staying at Bhaini Sahib now. A few days passed; my recovery rate was getting better but I knew I was dying to have food because I hadn't had solid food for over two months at that time. It was mid of Feb. now. We went to *Matha tek*, and His Holiness themselves, just like that, very politely and humbly asked me "*Ganga Singh! Theek Ae? Langar Shak Lenda Aen Hun?*" - awestruck me, very sincerely and with a child smile, shook my head. To which they responded, "*Koi Nahin, Daala Shak Leya Kar*." I can't put into words the push those words gave me and the energy they created. The very same day, back at the *Dera,* I was being stubborn about it and so, was allowed to consume very little amount of *Chholeya da Bhaja*. My food pipe, that was not in a position to let pass a drop of mashed Daliya, actually let pass through *Chholey.*

To share with you, you know I was prepared to stick to that bed for over a year, in fact. But such mundane looking but unforgettable little miracles that I have felt for myself, that my family has now experienced are inexpressible. The person I remember I used to be and this great safe energy I can feel around now - the transformation happens to be indescribable on my part. I've sure developed a very different way of looking at things now. **I wholeheartedly intend to follow what my Guru now asks me to and I am certain that the strength to take on things which we may be fearful to engage in, per se gets granted when we stick to the willingness to do that.**

**It all connects now. It connects to form a larger reason for me. It has all come together and has assured me this sense of reliance, of protection, and of the purest form of love.** And the fact that the doctors and the staff at SPS Hospital was a lot more than just doctors and nurses, I remember the way I was calmed and consoled, the way I was told about the details of procedures and surgeries. There exists no way in which I think it's possible for me to thank each one of them."

- A paraphrased excerpt from interview of Master Ganga Singh (S/o Gurjeet Singh Marwha).

*MA Human Rights*
*Doctoral Fellow – Education for Sustainable Development*
*<nihalsagoo@gmail.com>*

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

**ਸੌਂਕਣ ਸੋਇ ਅਸੋਕ ਧਰਮਸਾਲਾ ਦੀ –** ਨਾਮਧਾਰੀਆਂ ਦੀ ਪਰਸਪਰ ਧੜੇਬੰਦੀ ਦਾ ਹੀ ਇਹ ਕ੍ਰਿਸ਼ਮਾ ਹੈ ਕਿ ਧਰਮਸਾਲਾ ਸੋਇ ਅਸੋਕ ਦੀ ਜਗਹ ਕਈ ਧਰਮਸਾਲਾਵਾਂ ਬਣੀਆਂ ਅਤੇ ਮੁੱਕੀਆਂ। ਹੁਣ ਸ੍ਰੀ ਸਤਿਗੁਰੂ ਜੀ ਵਾਸਤੇ ਮੁਨਾਸਬ ਦੀਵਾਨ ਸਥਾਨ ਦੀ ਲੋੜ ਨੂੰ ਮਹਿਸੂਸ ਕਰ ਸੰਤ ਹਰਮਹਿੰਦਰ ਸਿੰਘ ਚਾਵਲਾ ਨੇ ਉੱਦਮ ਕਰਕੇ ਸੁਖਮਵਿਟ ਸੋਇ 55 ਵਿੱਚ ਇੱਕ ਐਸੀ ਜਗਹ 35000 ਟਿਕਲ ਮਹੀਨਾ ਕਰਾਏ ਤੇ ਲੈ ਲਈ ਅਤੇ ਇਸਦੀ ਤਿਆਰੀ ਉੱਤੇ 5 ਲੱਖ ਟਿਕਲ ਖਰਚ ਕਰ ਦਿੱਤਾ ਹੈ ਤਾਂ ਕਿ ਜੋ ਸੋਇ ਅਸੋਕ ਵਾਲੀ ਧਰਮਸਾਲਾ ਨਹੀਂ ਤਾਂ ਓਦੂੰ ਜ਼ਰਾ ਘੱਟ ਹੀ, ਪਰ ਸੁੰਦਰ ਜਗਹ ਸਾਧ ਸੰਗਤ ਦੀ ਸੇਵਾ ਕਰ ਸਕੇ। ਇਸਦਾ ਚੰਗਾ ਵਿਸ਼ਾਲ ਹਾਲ ਹੈ, ਨਾਲ ਹੀ ਵੱਖਰਾ ਬਣਿਆ ਲੰਗਰ ਅਤੇ ਪੰਗਤਾਂ ਲਈ ਪੱਕੇ ਸਾਇਬਾਨ ਹਨ, 100 ਮੋਟਰ ਖਲੋਣ ਦੀ ਜਗਹ ਹੈ। ਸੜਕੋਂ ਪਾਰ ਪੱਬ ਹੈ, ਉਰਾਰ ਧਰਮਸਾਲਾ ਹੈ। ਵਿਸ਼ਾਲ ਹਾਲ ਨੂੰ ਪੂਰੀ ਤਰ੍ਹਾਂ ਸਜਾਇਆ ਗਿਆ ਹੈ। ਸਾਰੀ ਵਿਉਂਤ ਸੋਇ ਅਸੋਕ ਵਾਲੀ ਹੈ। ਸਾਹਮਣੀ ਦੀਵਾਰ 'ਤੇ ਸਤਿਗੁਰੂਆਂ ਦੇ ਚਿੱਤਰ ਹਨ। ਸਤਿਗੁਰੂ ਜੀ ਵਾਸਤੇ ਪਲਾਸਕ ਫੁੱਲਾਂ ਨਾਲ ਸਜੀ ਲਾਲ ਚੰਦੋਏ ਵਾਲੀ ਪਾਲਕੀ ਹੈ। ਸਾਹਮਣੇ ਰਾਗੀਆਂ ਲਈ, ਫੁੱਟ-ਫੁੱਟ ਉੱਚਾ ਮੰਚ ਹੈ। 5 ਵਜੇ ਨਾਮ ਸਿਮਰਨ ਦੀ ਅਰਦਾਸ ਨਰੂਲਾ ਜੀ ਨੇ ਗੁਰੂ ਜੀ ਦੀ ਹਜ਼ੂਰੀ ਵਿੱਚ ਕਰ ਦਿੱਤੀ ਹੈ। ਬਹੁਤ ਸਾਰੇ ਪ੍ਰੇਮੀ ਨਾਮ ਸਿਮਰਨ ਵਾਸਤੇ ਪਹੁੰਚੇ ਹੋਏ ਹਨ, ਹੋਰ ਪਲ-ਪਲ ਤੁਰੇ ਆਉਂਦੇ ਹਨ। ਲੱਕੜ ਦੇ ਥੰਮਲਿਆਂ ਨਾਲ ਅੱਟਿਆ ਹਾਲ ਸਾਧ ਸੰਗਤ ਨਾਲ ਵੀ ਭਰਪੂਰ ਹੈ। ਸਾਰੀ ਜਗਹ ਦਰਸ਼ਨੀਆ ਬਣਾ ਦਿੱਤੀ ਗਈ ਹੈ। ਦੀਵਾਰਾਂ, ਛੱਤਾਂ, ਫਰਸ਼, ਲਾਟੂ ਜਗਦੇ, ਪੱਖੇ ਚੱਲਦੇ, ਛੱਤ ਉੱਤੇ ਛੱਤ ਵੀ ਹੈ।

ਕਰੋੜਪਤੀ ਸਿੱਖ ਤਾਂ ਦਰਸ਼ਨ ਤਾਂਘ ਨਾਲ ਲਬਰੇਜ਼ ਦਿੱਲੀ ਅਤੇ ਭੈਣੀ ਸਾਹਿਬ ਜਾ ਕੇ ਦਰਸ਼ਨ ਕਰ ਆਉਂਦੇ ਰਹੇ, ਪਰ ਆਮ ਸਿੱਖ ਕਿਵੇਂ ਆਪਣੇ ਪ੍ਰੀਤਮ ਬਿਨਾਂ ਲੁਛਦਾ ਰਿਹਾ, ਇਹ ਮੈਂ ਇਸੇ ਸਾਲ ਦੇ ਜਨਵਰੀ ਮਹੀਨੇ ਵਿੱਚ ਵੇਖ ਗਿਆ ਸਾਂ। ਕੁਛ ਤਾਂ ਇਹ ਕਹਿਣ ਵਾਲੇ ਵੀ ਸਨ : ਤੁਸੀਂ ਕਿਉਂ ਆਏ ਜੇ ਸੱਚੇ ਪਾਤਸ਼ਾਹ ਜੀ ਨੇ ਨਹੀਂ ਸਨ ਦਰਸ਼ਨ ਦੇਣੇ! ਆਮ ਸਿੱਖ ਸਤਿਗੁਰੂ ਜੀ ਦੇ ਵਿਛੋੜੇ ਕਾਰਨ ਬਿਹਬਲ ਸੀ। ਬੀਬੀ ਮਹਿੰਦਰ ਕੌਰ ਆਪਣੀ ਮਿਰਤੂ ਪਿੱਛੋਂ ਵੀ ਇਹ ਪਰਉਪਕਾਰ ਕਰ ਗਈ ਕਿ ਉਹਦੇ ਪ੍ਰੇਮ ਅਤੇ ਸੇਵਾ ਨੂੰ ਮੁੱਖ ਰੱਖ ਦੀਨ ਦਿਆਲ ਜੀ ਨੇ ਉਸਦੇ ਵਰ੍ਹੀਣੇ ਦਾ ਭੋਗ ਬੈਂਕੌਕ ਪਾਉਣਾ ਪਰਵਾਨ ਕਰ ਲਿਆ ਅਤੇ ਆਪਣੇ ਆਉਣ ਨੂੰ ਓ.ਕੇ. ਕਰ ਦਿੱਤਾ। ਇਸ ਬਹਾਨੇ ਵਿੱਚ ਸਹਾਇਕ ਹੋਏ ਸੇਠ ਹਰਮਹਿੰਦਰ ਸਿੰਘ ਚਾਵਲਾ ਅਤੇ ਉਨ੍ਹਾਂ ਦੀ ਪਤਨੀ ਬੀਬੀ ਬਲਬੀਰ ਕੌਰ, ਜੋ ਬੀਬੀ ਮਹਿੰਦਰ ਕੌਰ ਦੀ ਛੋਟੀ ਅਤੇ ਲਾਡਲੀ ਭੈਣ ਹੈ।

ਸ੍ਰੀ ਸਤਿਗੁਰੂ ਜੀ ਦੇ ਨਾਮ ਸਿਮਰਨ ਸਮੇਂ ਧਰਮਸਾਲਾ 55 ਵਿੱਚ ਦਰਸ਼ਨ ਕਰਦਿਆਂ ਅਤੇ ਸਾਧ ਸੰਗਤ ਦਾ ਉਤਸ਼ਾਹ ਉਮਾਹ ਤੇ ਸਫੈਦ ਬਸਤਰਾਂ ਦੇ ਫੱਬਣ ਨੂੰ ਤੱਕ ਕੇ ਐਉਂ ਲੱਗਦਾ ਹੈ ਜਿਵੇਂ ਅਸੀਂ ਸੋਇ ਅਸੋਕ ਧਰਮਸਾਲਾ ਵਿੱਚ ਬੈਠੇ ਹੋਈਏ। ਸਦਾ ਹੀ ਸੁਆਗਤਾਂ ਵਿੱਚ ਰਹਿਣ ਵਾਲੇ ਸੱਚੇ ਪਾਤਸ਼ਾਹ ਸੁਆਗਤ ਪੱਧਰਾਂ ਤੋਂ ਪ੍ਰਭਾਵਤ ਨਹੀਂ ਹੁੰਦੇ, ਪਰ ਬੜੀ ਬਾਰੀਕੀ ਨਾਲ ਹਰ ਸਥਿਤੀ ਦਾ ਅਧਿਐਨ ਕਰਦੇ ਸਮੇਂ ਰਹਿਣ ਦੀ ਸੁਭਾਵਕ ਪਰਕਿਰਿਆ ਕਰਦੇ ਹਨ। 'ਚਾਓ ਫਈਆ' ਦਰਿਆ ਤੋਂ ਪਾਰਲੀ ਅਤੇ ਉਰਾਰਲੀ ਸੰਗਤ ਅੱਜ ਭਰਪੂਰ ਗਿਣਤੀ ਵਿੱਚ ਆਈ ਹੋਈ ਹੈ। ਧਰਮਸਾਲਾ ਵਿੱਚ ਤਿਲ ਧਰਨ ਨੂੰ ਥਾਂ ਨਹੀਂ। ਸੂਰਜ ਮੁਖ ਸਤਿਗੁਰੂ ਜੀ ਦੇ ਦਰਸ਼ਨ ਕਰ ਕਰ ਹਰ ਕੋਈ ਆਪਣੀਆਂ ਅੱਖਾਂ ਨੂੰ ਤ੍ਰਿਪਤੀ ਦੇ ਰਿਹਾ ਸੀ। ਮਾਈਆਂ ਬੀਬੀਆਂ ਦੀਆਂ ਨਜ਼ਰਾਂ ਗੁਰੂ ਮੁਖ ਨੂੰ ਵੇਖ ਗੁਰੂ ਸੁੱਖ ਪਾ ਰਹੀਆਂ ਸਨ।

**ਸੁਆਗਤ –** ਸੰਗਤ ਦੇ ਧਰਮ-ਕਰਮ ਦੇ ਪ੍ਰਮੁੱਖ ਸੰਤ ਨਰਾਇਣ ਸਿੰਘ ਨਰੂਲਾ ਨੇ ਨਾਮ ਸਿਮਰਨ ਦੀ ਅਰਦਾਸ 6.00 ਵਜੇ ਸ਼ਾਮੀਂ ਕੀਤੀ ਤਾਂ ਗਿਆਨੀ ਹਰਬੰਸ ਸਿੰਘ ਜੀ ਉੱਠੇ। ਗੁਰੂ ਚਰਨਾਂ 'ਤੇ ਨਮਸਕਾਰ ਕਰਕੇ ਉਹਨਾਂ ਮਾਈਕ ਫੜਿਆ ਤੇ ਸੰਖੇਪ ਜਿਹੇ ਸ਼ਬਦਾਂ ਵਿੱਚ ਸ੍ਰੀ ਸਤਿਗੁਰੂ ਜੀ ਦੀ

ਆਮਦ ਦਾ ਸੁਆਗਤ ਕੀਤਾ ਅਤੇ ਸ਼ਲਾਘਾ ਕੀਤੀ ਸੇਠ ਹਰਮਹਿੰਦਰ ਸਿੰਘ ਚਾਵਲਾ ਦੇ ਯਤਨਾਂ ਦੀ, ਜਿਨ੍ਹਾਂ ਕਾਰਨ ਚਿਰ ਪਿਆਸੀ ਸੰਗਤ ਨੂੰ ਗੁਰੂ ਦਰਸ਼ਨ ਹੋ ਸਕੇ।

ਸੇਠ ਤ੍ਰਲੋਕ ਸਿੰਘ ਹੋਰਾਂ ਦਾ ਜ਼ਿਕਰ ਵੀ ਉਨ੍ਹਾਂ ਕੀਤਾ, ਜਿਨ੍ਹਾਂ ਦੇ ਪ੍ਰੇਮ ਨੂੰ ਮੁੱਖ ਰੱਖ ਬੀਬੀ ਮਹਿੰਦਰ ਕੌਰ ਸੇਠਣੀ ਦੇ ਵਰ੍ਹੀਣੇ ਦੇ ਬਹਾਨੇ ਸ੍ਰੀ ਹਜ਼ੂਰ ਨੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੀ ਕ੍ਰਿਤੱਗਤਾ ਦਾ ਜ਼ਿਕਰ ਕਰਦਿਆਂ ਨਾਲ ਆਏ ਸਾਰੇ ਜਥੇ ਦਾ ਗਿਆਨੀ ਜੀ ਨੇ ਸੁਆਗਤ ਕੀਤਾ। ਉਪਰੰਤ ਸੇਠ ਤ੍ਰਲੋਕ ਸਿੰਘ ਜੀ ਦੁਆਰਾ ਮਾਲਾ ਪਹਿਨਾ ਕੇ ਸਾਰੀ ਸੰਗਤ ਵਲੋਂ ਮਾਲਾ-ਸੁਆਗਤ ਦੀ ਪ੍ਰਵਾਨਗੀ ਲਈ ਗਈ।

**ਆਸ਼ੀਰ ਵਚਨ –** ਸ੍ਰੀ ਸਤਿਗੁਰੂ ਜੀ ਨੇ ਗਿਆਨੀ ਹਰਬੰਸ ਸਿੰਘ ਦੇ ਕਥਨ ਨੂੰ ਅਧਾਰ ਬਣਾ ਕੇ ਕੁਛ ਬਚਨ ਕੀਤੇ। ਸੰਖੇਪ ਇਸ ਤਰ੍ਹਾਂ ਹੈ : ਗਿਆਨੀ ਜੀ ਨੇ ਮੈਨੂੰ ਪੁੱਛ ਕੇ ਹੀ ਜੋ ਕੁਝ ਮੰਚ 'ਤੇ ਬੋਲਿਆ ਹੈ, ਬੋਲਿਆ ਹੈ। ਪਰ ਮੈਂ ਕਿਹਾ ਸੀ ਮੇਰੀ ਤਾਰੀਫ਼ ਨਾ ਕਰਨਾ। ਪ੍ਰਸੰਸਾ ਯੋਗ ਮਨੁੱਖ ਦੀ ਹੀ ਪ੍ਰਸੰਸਾ ਬਣਦੀ ਹੈ, ਪਰ ਇਹਨਾਂ ਫੇਰ ਮੇਰੇ 'ਤੇ ਜ਼ੋਰ ਲਗਾ ਦਿੱਤਾ ਹੈ।

ਸੁਖ ਬਹੁਤ ਬੰਦਿਆਂ ਨੂੰ ਨਾਲ ਲੈ ਕੇ ਜਾਂ ਬਹੁਤੀਆਂ ਗੱਲਾਂ ਕਰਨ ਤੋਂ ਨਹੀਂ ਹੋ ਸਕਦਾ। ਸੁੱਖ ਦੀ ਪ੍ਰਾਪਤੀ ਲਈ ਈਰਖਾ ਛੱਡਣੀ ਪੈਂਦੀ ਹੈ। ਸਾਡੇ 'ਚੋਂ ਬਹੁਤੇ ਬੰਦੇ ਧਨ ਦੁਆਰਾ ਸੁੱਖ ਭਾਲਦੇ ਹਨ। ਉਹਨਾਂ ਦੇ ਸਾਰੇ ਕਾਰਜ, ਧਰਮ-ਕਰਮ ਵੀ ਧਨ ਦੀ ਇੱਛਾ ਕਾਰਨ ਚੱਲਦੇ ਹਨ, ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਨੇ ਆਪਣੇ ਉਪਦੇਸ਼ ਵਿੱਚ ਕਿਹਾ ਹੈ, ਨਾਮ ਜਪ ਕੇ ਤਾਂ ਵੇਖੋ ਕਿੰਨਾ ਧਨ ਪ੍ਰਾਪਤ ਹੁੰਦਾ ਹੈ। ਉਂਜ ਵੀ ਸਤਿਗੁਰਾਂ ਦਾ ਕਥਨ ਹੈ-

ਨਾਮ ਧਨੁ ਜਿਸ ਜਨ ਕੈ ਪਾਲੈ ਸੋਈ ਪੂਰਾ ਸਾਹਾ॥

ਅਸੀਂ ਠੀਕ ਮਾਰਗ ਤੇ ਤੁਰੇ ਤੁਰੇ ਜਾਂਦੇ ਲਈ ਵਾਰ ਥਿੜਕ ਜਾਂਦੇ ਹਾਂ, ਭਟਕ ਜਾਂਦੇ ਹਾਂ, ਪਰ ਸਾਨੂੰ ਸੱਚੇ ਮਾਰਗ 'ਤੇ ਚੱਲਣ ਦੀ ਦ੍ਰਿੜਤਾ ਤੇ ਤਾਂਘ ਨਹੀਂ ਛੱਡਣੀ ਚਾਹੀਦੀ। ਏਅਰ ਕੰਡੀਸ਼ਨ ਖਰਾਬ ਹੋ ਜਾਂਦੇ ਹਨ, ਪਰ ਕਮਰਾ ਠੰਢਾ ਰੱਖਣ ਲਈ ਅਸੀਂ ਫੇਰ ਉਪਰਾਲੇ ਕਰਦੇ ਹਾਂ, ਜਾਂ ਤਾਂ ਪੁਰਾਣੇ ਨੂੰ ਠੀਕ ਕਰਵਾਂਦੇ ਹਾਂ ਜਾਂ ਨਵਾਂ ਏਅਰ ਕੰਡੀਸ਼ਨ ਮੰਗਵਾਂਦੇ ਹਾਂ, ਤਦ ਤੱਕ ਚੈਨ ਨਾਲ ਨਹੀਂ ਬੈਠਦੇ, ਜਦ ਤੱਕ ਕਮਰਾ ਠੰਢਾ ਕਰਨ ਦਾ ਉਪਰਾਲਾ ਨੇਪਰੇ ਨਹੀਂ ਚੜ੍ਹ ਜਾਂਦਾ।

ਇੰਜ ਹੀ ਸਾਨੂੰ ਚੰਗੇ ਪਾਸੇ ਵੱਲ ਰਹਿਣ ਦਾ ਪ੍ਰਯਤਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਇੱਕ ਦਿਨ ਸਾਡੀ ਜਿੱਤ ਹੋ ਹੀ ਜਾਂਦੀ ਹੈ। ਨਾਮ ਸਿਮਰਨ ਸਾਡੇ ਪਾਸ ਨਹੀਂ ਰਿਹਾ। ਪਰ ਤੁਸੀਂ ਸੁਣਦੇ ਹੋ ਅਤੇ ਵੇਖਦੇ ਹੋ ਕਿ ਨਾਮ ਜਪਣ ਵਾਲਿਆਂ ਨੂੰ ਹੀ ਜਗ ਜਾਣਦਾ ਹੈ। ਉਹਨਾਂ ਨੂੰ ਅੱਗ ਨਹੀਂ ਪੋਂਹਦੀ, ਜਲ ਨਹੀਂ ਡੋਬਦਾ। ਨਾਮਧਾਰੀ ਮਸਤਾਨਿਆਂ ਦੇ ਤੁਸਾਂ ਅਨੇਕਾਂ ਪ੍ਰਸੰਗ ਸੁਣੇ ਹੋਏ ਹਨ। ਮੁਸੱਵਰ ਵਰਿਆਮ ਸਿੰਘ ਜੀ ਇੱਕ ਵਾਰ ਅਗਨੀ ਕੁੰਡ ਵਿੱਚ ਕੁੱਦ ਪਏ, ਪਰ ਅੱਗ ਉਹਨਾਂ ਨੂੰ ਨਾ ਪੋਹੀ। ਅਸੀਂ ਵੀ ਅਜਿਹੇ ਤਜਰਬੇ ਨਾਮ ਸਿਮਰ ਕੇ ਕਰ ਸਕਦੇ ਹਾਂ। ਨਾਮ ਸਿਮਰ ਕੇ ਤਾਂ ਵੇਖੋ।

ਤੁਸਾਂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੀਆਂ ਟੇਪਾਂ ਵਿੱਚ ਸੁਣਿਆ ਹੈ ਕਿ ਤੁਹਾਡੇ ਘਰੀਂ ਸਿਆਮਣਾਂ ਆ ਗਈਆਂ ਹਨ, ਉਹੋ ਖੁਆਂਦੀਆਂ, ਪਿਆਂਦੀਆਂ ਅਤੇ ਤੁਹਾਡੇ ਬੱਚੇ ਸੰਭਾਲਦੀਆਂ ਹਨ, ਉਹ ਪੰਜਾਬੀ ਨਹੀਂ ਬੋਲਣਗੀਆਂ ਤੇ ਤੁਹਾਡੇ ਬੱਚੇ ਪੰਜਾਬੀ ਨਹੀਂ ਸਿੱਖਣਗੇ। ਤੁਹਾਡੇ ਬੱਚੇ ਸਿੱਖ ਕਿਵੇਂ ਰਹਿਣਗੇ? ਸਿੱਖੀ, ਪੱਗ ਸਿੱਧੀ ਜਾਂ ਟੇਢੀ, ਕਿਰਪਾਨ ਜਾਂ ਹੋਰ ਗੱਲਾਂ ਨਾਲ ਨਹੀਂ ਰਹਿੰਦੀ ਇਹ ਮਨ ਦੀ ਸ਼ੁਧ ਭਾਵਨਾ ਨਾਲ ਹੀ ਕਾਇਮ ਰਹਿੰਦੀ ਹੈ।

ਜੇ ਬਹੁਤੇ ਦਿਨ ਨਹੀਂ ਤਾਂ ਜਿੰਨੇ ਦਿਨ ਮੈਂ ਬੈਂਕੋਕ ਰਹਿਣਾ ਹੈ, ਏਨਾ ਜ਼ਰੂਰ ਕਰੋ, ਢਾਈ ਮਾਲਾ ਪੱਕੀਆਂ, ਇੱਕ ਭਗਉਤੀ ਦੀ ਮਾਲਾ ਤੇ ਇੱਕ ਘੰਟਾ ਸਮੂਹਕ ਨਾਮ ਸਿਮਰਨ ਜ਼ਰੂਰ ਕਰੋ। ਬੱਚਿਆਂ ਨੂੰ ਦੱਸਿਆ ਕਰੋ ਕਿ ਸਤਿਗੁਰਾਂ ਦਾ ਧਿਆਨ ਇੰਜ ਧਰੀਦਾ ਹੈ, ਮਾਲਾ ਇੰਜ ਫੇਰੀ ਦੀ ਏ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਜ਼ਰੂਰ ਹੋ ਜਾਇਆ ਕਰਨਗੇ।

ਈਰਖਾ ਛੱਡ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ ਦੀ ਅਰਦਾਸ ਕਰਿਆ ਕਰੋ। ਸਾਡੇ ਜੀਵਨ ਦੀ ਯਾਤਰਾ ਤਾਂ ਹੀ ਸਫ਼ਲ ਹੋ ਸਕਦੀ ਹੈ, ਜੇ ਅਸੀਂ ਨਾਮ ਰੰਗ ਵਿੱਚ ਆਪਣੇ ਆਪ ਨੂੰ ਰੰਗ ਲਈਏ।

ਰੇ ਰੇ ਦਰਗਹ ਕਹੈ ਨ ਕੋਊ॥
ਆਉ ਬੈਠੁ ਆਦਰੁ ਸੁਭ ਦੇਊ॥

**ਕੀਰਤਨ–** ਸ੍ਰੀ ਸਤਿਗੁਰੂ ਜੀ ਦੇ ਆਸ਼ੀਰਵਾਦਾਤਮਕ ਬਚਨਾਂ ਉਪਰੰਤ ਕੀਰਤਨ ਆਰੰਭ ਹੋਇਆ। ਅੱਜ ਕੀਰਤਨਕਾਰ ਸਨ- ਸੰਤ ਹਰਬੰਸ ਸਿੰਘ ਘੁੱਲਾ, ਸੁਖਵਿੰਦਰ ਸਿੰਘ ਪਿੰਕੀ (ਤਬਲਾ), ਸ. ਜਗਜੀਤ ਸਿੰਘ ਆਜ਼ਾਦ, ਸ. ਪ੍ਰੇਮ ਸਿੰਘ ਸਚਦੇਵ, ਸੰਤ ਹਰਭਜਨ ਸਿੰਘ ਨਿਰਮਲ, ਸੰਤ ਰਤਨ ਸਿੰਘ ਸਚਦੇਵ, ਗੰਗਾ ਸਿੰਘ ਅਤੇ ਮੱਯਾ ਸਿੰਘ। ਮੁਖ ਸੁਰ ਘੁੱਲੇ ਦੀ

ਅਤੇ ਥਾਪ ਪਿੰਕੀ ਦੀ। ਸ਼ਬਦ, ਮੰਗਲਾਚਾਰ ਉਪਰੰਤ :

ਦੇਹ ਸਿਵਾ ਬਰ ਮੋਹਿ ਇਹੈ

ਦੂਜਾ :

ਆਵਹੁ ਮੀਤ ਪਿਆਰੇ॥
ਮੰਗਲ ਗਾਵਹੁ ਨਾਰੇ॥

ਸਾਰਾ ਹਾਲ ਪੂਰੀ ਤਰ੍ਹਾਂ ਭਰਿਆ ਪਿਆ ਸੀ ਸਾਧ ਸੰਗਤ ਨਾਲ। ਕੀਰਤਨ ਦੀ ਸਮਾਪਤੀ 7 ਵਜੇ ਹੋਈ।

**ਵਿਆਖਿਆਨ –** ਅੱਜ ਗਿਆਨੀ ਹਰਬੰਸ ਸਿੰਘ ਸਚਦੇਵ ਹੁਰਾਂ ਮੰਚ ਦੀ ਸਕੱਤਰੀ ਸੰਭਾਲ ਲਈ ਅਤੇ ਸਭ ਤੋਂ ਪਹਿਲਾਂ ਪ੍ਰੀਤਮ ਸਿੰਘ ਕਵੀ ਨੂੰ ਹੀ ਮੰਚ ਉੱਤੇ ਬੋਲਣ ਲਈ ਬੁਲਾਇਆ। ਮੈਂ 15 ਮਿੰਟ ਵਿੱਚ ਸ੍ਰੀ ਸਤਿਗੁਰੂ ਜੀ ਦੀ ਆਮਦ ਦਾ ਸ਼ੁਕਰਾਨਾ, ਥਾਈਲੈਂਡ ਦੀ ਸੰਗਤ ਦਾ ਪ੍ਰੇਮ, ਬੀਬੀ ਮਹਿੰਦਰ ਕੌਰ ਚਾਵਲਾ ਦਾ ਵਗ੍ਹੀਣਾ, ਗੁਰੂ ਕੇ ਆਉਣ ਦਾ ਬਹਾਨਾ ਅਤੇ ਸ. ਅਵਤਾਰ ਸਿੰਘ ਸਚਦੇਵ ਦੇ ਚਲਾਣੇ ਦੀ ਗੱਲਬਾਤ ਕਰਦਿਆਂ ਆਪਣਾ ਕਥਨ ਖ਼ਤਮ ਜੀਤਾ। ਫੇਰ ਪੰਡਿਤ ਗੋਪਾਲ ਸਿੰਘ ਜੀ ਨੇ ਅੱਧਾ ਘੰਟਾ ਈਰਖਾ ਛੱਡਣ, ਗੁਰੂ ਕੀ ਸ਼ਰਨ ਜਾਣ, ਨਾਮ ਲੈਣ, ਭਜਨ ਕਰਨ ਆਦਿ ਤੇ ਭਾਸ਼ਣ ਕੀਤਾ।

ਸਬੱਬ ਨਾਲ ਸਰਵ ਸ੍ਰੀ ਸੰਤੋਖ ਸਿੰਘ ਸਾਜਨ (ਸਰਸਾ), ਬਲਬੀਰ ਸਿੰਘ ਢਿੱਲੋਂ (ਰਾਣੀਆਂ) ਅਤੇ ਹਰਭਜਨ ਸਿੰਘ ਪਰਵਾਨਾ (ਸੰਤ ਨਗਰ) ਕਈ ਦਿਨਾਂ ਦੇ ਬੈਂਕੋਕ ਆਏ ਹੋਏ ਸਨ, ਉਹਨਾਂ ਵਿੱਚੋਂ ਸੰਤੋਖ ਸਿੰਘ ਸਾਜਨ ਨੂੰ ਕਵਿਤਾ ਪੜ੍ਹਨ ਦਾ ਮੌਕਾ ਮਿਲਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਮਾਣੇ ਮਾਨਸਿਕ ਸੰਬੰਧਾਂ ਦੀ ਗ਼ਜ਼ਲ ਅਤੇ ਇੱਕ ਹੋਰ ਪ੍ਰਸੰਸਾਤਮਕ ਕਵਿਤਾ ਉਸਨੇ ਪੜ੍ਹੀ।

**ਲੰਗਰ ਪਾਣੀ –** ਅਰਦਾਸ ਹੋਈ ਦੀਵਾਨ ਸਮਾਪਤੀ ਦੀ। ਗਿਆਨੀ ਹਰਬੰਸ ਸਿੰਘ ਹੁਰਾਂ ਅਗਲੇ ਦਿਨ ਦਾ ਪ੍ਰੋਗਰਾਮ ਦੱਸਦਿਆਂ ਸਾਧ ਸੰਗਤ ਨੂੰ ਸੂਚਿਤ ਕੀਤਾ ਕਿ ਬਾਹਰ ਲੰਗਰ ਤਿਆਰ ਹੈ। ਸਾਰੀ ਸੰਗਤ ਛਕ ਕੇ ਜਾਵੇ ਅਤੇ ਨਾਲ ਹੀ ਦੱਸਿਆ ਕਿ ਜਿੰਨੇ ਦਿਨ ਸੱਚੇ ਪਾਤਸ਼ਾਹ ਬੈਂਕੋਕ ਦਰਸ਼ਨ ਦੇਣਗੇ, ਲੰਗਰ ਦੀ ਸੇਵਾ ਸੇਠ ਤਰਲੋਕ ਸਿੰਘ ਵੱਲੋਂ ਹੀ ਹੋਵੇਗੀ। ਸਾਧ ਸੰਗਤ ਨੇ ਬਾਹਰ ਤਿਆਰ ਲੰਗਰ ਪਾਣੀ ਦੀ ਸੇਵਾ ਸਵੀਕਾਰ ਕੀਤੀ : ਕੜਾਹ ਪ੍ਰਸ਼ਾਦ, ਪੂਰੀਆਂ, ਦਾਲ ਪ੍ਰਸ਼ਾਦੇ, ਭਾਜੀਆਂ ਹਰੇਕ ਨੇ ਨਿਸ਼ਾ ਨਾਲ ਛਕੇ।

**ਸੇਠ ਜੀ ਦੇ ਬੰਗਲੇ –** ਸ੍ਰੀ ਸਤਿਗੁਰੂ ਜੀ ਦੀਵਾਨ ਸਥਾਨ 'ਚੋਂ ਉੱਠ ਸੇਠ ਤਰਲੋਕ ਸਿੰਘ ਦੇ ਬੰਗਲੇ ਪਧਾਰੇ। ਏਥੇ ਇੱਕ ਉਪਰਲੇ ਕਮਰੇ ਵਿੱਚ ਸੱਚੇ ਪਾਤਸ਼ਾਹ ਜੀ ਦੇ ਜਲ-ਪਾਣੀ ਦਾ ਪ੍ਰਬੰਧ ਸੀ। ਗੁਰੂ ਕੇ ਨਿਵਾਜੇ ਸਰੀਰ ਇਸ ਵੇਲੇ ਕੋਲ ਬੈਠ ਕੇ ਫਲ ਆਣ ਛਕਦੇ ਹਨ। ਮਾਤਾ ਜੀ ਅਤੇ ਸੋਧੀ ਸਿੰਘਾਂ ਨੇ ਵੀ ਏਥੇ ਹੀ ਜਲ ਪਾਨ ਕੀਤਾ।

ਸੰਭਾਵਨਾ ਸੀ ਕਿਸੇ ਵੀ ਸਮੇਂ ਸਵੇਰੇ ਵੀ. ਆਈ. ਪੀ. ਰੂਮ ਵਿੱਚ ਏਅਰ ਪੋਰਟ 'ਤੇ ਕੀਤਾ ਗਿਆ ਸਵਾਗਤ ਟੈਲੀਵੀਜ਼ਨ 'ਤੇ ਵਖਾਇਆ ਜਾਵੇਗਾ। ਜਿੰਨਾ ਕੁ ਚਿਰ ਮੈਂ ਉਪਰ ਰਿਹਾ ਓਨਾ ਚਿਰ ਤਾਂ ਆਇਆ ਨਹੀਂ ਫੇਰ ਕਿਸੇ ਮੌਕੇ ਆਇਆ ਹੋਵੇਗਾ।

**ਡੈਨਮਾਰਕ ਤੋਂ ਫੋਨ –** ਸ੍ਰੀ ਸਤਿਗੁਰੂ ਜੀ ਅਜੇ ਫਲ ਛਕਣ ਬੈਠੇ ਹੀ ਸਨ ਕਿ ਸੇਠ ਤਰਲੋਕ ਸਿੰਘ ਹੁਰਾਂ ਦਾ ਵੱਡਾ ਲੜਕਾ ਬਖਸ਼ੀਸ਼ ਸਿੰਘ ਸੁਨੇਹਾ ਲੈ ਕੇ ਆ ਗਿਆ : ਸੱਚੇ ਪਾਤਸ਼ਾਹ ਜੀ, ਡੈਨਮਾਰਕ ਤੋਂ ਸ. ਇੰਦਰਜੀਤ ਸਿੰਘ ਦਾ ਫੋਨ ਹੈ, ਆਪ ਜੀ ਨਾਲ ਗੱਲ ਕਰਨੀ ਚਾਹੁੰਦਾ ਹੈ। ਸਤਿਗੁਰੂ ਜੀ ਨੇ ਬਖਸ਼ੀਸ਼ ਨੂੰ ਕਹਿਆ ਕਿ ਉਹ ਜਾ ਕੇ ਅਜੇ ਗੱਲਬਾਤ ਕਰੇ। ਸੱਚੇ ਪਾਤਸ਼ਾਹ ਜੀ 5 ਮਿੰਟ ਬਾਅਦ ਹੀ ਆਪਣੇ ਕਮਰੇ ਵਿੱਚ ਪਧਾਰੇ, ਜਿੱਥੇ ਫੋਨ 'ਤੇ ਸ. ਇੰਦਰਜੀਤ ਸਿੰਘ ਨਾਲ ਗੱਲਬਾਤ ਹੋਈ।

**ਸਵਰਗਵਾਸੀਆਂ ਦੇ ਘਰੀਂ –** ਪਤਾ ਲੱਗਾ ਕਿ ਦੀਨ ਦਿਆਲ ਜੀ, ਮੇਰੇ ਸਵਰਗਵਾਸੀ ਮਿੱਤਰ ਸੇਠ ਅਵਤਾਰ ਸਿੰਘ ਸਚਦੇਵਾ ਦੇ ਘਰ ਬੀਬੀ ਰਾਜ ਰਤਨ ਨਾਲ ਇਨਸਾਫ਼ ਪੁੱਤਰ ਦੇ ਬੇਵਕਤੇ ਗੁਜ਼ਰ ਜਾਣ ਤੇ ਰਜ਼ਾ ਵਿੱਚ ਰਾਜ਼ੀ ਰਹਿਣ ਲਈ ਧੀਰਜ ਦੇ ਕੇ ਆਏ ਹਨ। ਫੇਰ ਰਾਤੀਂ 9 ਵਜੇ ਆਪ ਜੀ ਸੇਠ ਸੁਰਅੰਮ੍ਰਿਤ ਸਿੰਘ ਦੇ ਭਣਵੱਈਏ ਸੇਠ ਕੁਲਦੀਪ ਸਿੰਘ ਮਲਹੋਤਰਾ ਦੇ ਘਰ ਪਧਾਰੇ। ਸੇਠ ਕੁਲਦੀਪ ਸਿੰਘ ਕੈਂਸਰ ਦੇ ਮਰੀਜ਼ ਸਨ, ਜ਼ਿੰਦਗੀ ਉਨ੍ਹਾਂ ਦਾ ਸਾਥ ਨਹੀਂ ਦੇ ਸਕੀ, ਬਹੁਤ ਯਤਨਾਂ ਦੇ ਬਾਵਜੂਦ ਵੀ। 3-4 ਮਹੀਨਿਆਂ ਬਾਅਦ ਉਸਦੀ ਮ੍ਰਿਤੂ ਹੋ ਗਈ।

ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਦੀ ਸਪੁੱਤਰੀ ਬੀਬੀ ਅਵਿਨਾਸ਼ ਕੌਰ ਸੁਪਤਨੀ ਸੇਠ ਕੁਲਦੀਪ ਸਿੰਘ ਅਤੇ ਬੱਚਿਆਂ ਨੂੰ ਹੌਂਸਲਾ ਦੇ ਕੇ ਪਤਾ ਨਹੀਂ ਕਿੰਨੇ ਕੁ ਵਜੇ ਆਰਾਮ ਲਈ ਡੇਰੇ ਪਹੁੰਚੇ। ਸ਼ਾਮ ਤੱਕ ਮੇਰੇ ਡੇਰੇ ਦਾ ਇਕਾਂਤ ਪ੍ਰਬੰਧ ਹੋ ਗਿਆ।

**ਚਲਦਾ..........**

# A Saga Of
# Sri Satguru Jagjit Singh Ji

**Dr. Sharada Jayagovind**

Patsha ji was never attached to material possessions. Even as child, we are told, that whenever people offered him a rupee or two, he would give it away in charity.

Once Pritam Singh Kavi ji, a childhood friend of Satguru Jagjit Singh ji, chided Patsha ji:

"You scatter money with a tangli. I don't know how you can do this."

Satguru ji replied:

"I am just a medium. I am neither happy when money comes to me nor sad when it leaves me. It is maya."

When someone approached Patsha ji for some monetary help saying that he would return the amount later, Patsha ji told him:

"I will give you the money on condition that you will not return it."

Patsha ji often said that in today's age, most of us aspire to have beautiful houses, cars and other material possessions. When we acquire these, if we acknowledge that it is the Satguru ji's blessings which have made this possible, we are on the right On the other hand, if we think that we have acquired because of our own intelligence, then we are wrong.

Satguru Jagjit Singh ji stressed on the infinite power of Akal Purakh. He told his followers that even great researchers do not understand how an egg fertilises into life. But Akal Purakh is the Lord of this wonderful creation.

Ordinary men and women cannot and do not comprehend the power of God and are not even ready to believe in it because it is not within their experience. Only a Satguru who experiences the truth and reality of God can show the way to Him. Those who surrender at the feet of the gurus like Satguru Jagjit Singh ji can get a glimpse of the divine.

Satguru ji was aware that in today's world of complexities, people will find it difficult to follow the maryada prescribed by Namdhari Sikhism. Yet, he said that it is the duty of the sangat to follow the given code, for their own spiritual well being.

Satguru ji compares the strict observance of maryada to the treatment given in traditional medicine to a person who is diagnosed with diabetes. The patient is administered bitter neem to eliminate excess sugar in the blood. In the same way, the hukamnamas of Satguru ji may appear bitter but only these orders of the Satguru can counter the negative effects of the ve evils of kaam, krodh, madh, lobh and mob and ferry the jeeva across the ocean of life. Only then, the 'soul bride' can join the Lord,' her husband.

**To be continued......**

# ਸੁੱਚੇ ਮੋਤੀ

## ਮੁਸ਼ਕਲਾਂ ਦੀ ਟਿੱਕ-ਟਿੱਕ

ਕੁਝ ਚਿੰਤਕਾਂ ਵਿਚ ਬਹਿਸ ਇਸ ਨੁਕਤੇ 'ਤੇ ਆ ਕੇ ਅਟਕ ਗਈ ਕਿ ਹਾਲਾਤ ਸੁਖਾਵੇਂ ਹੋਣ ਤੋਂ ਬਿਨਾਂ ਸਿਰਜਣਾ ਸੰਭਵ ਨਹੀਂ। ਨਾ ਇਕੱਲ ਹੈ। ਨਾ ਸਕੂਨ ਹੈ। ਨਾ ਚੁੱਪ ਹੈ। ਮੁਸ਼ਕਿਲਾਂ ਦੇ ਸ਼ੋਰ ਵਿਚ ਕੀ ਕੀਤਾ ਜਾਵੇ?

ਕੀ ਚੁੱਪ ਬੈਠਿਆ ਜਾਵੇ? ... ਜਾਂ ਹਾਲਾਤ ਸੁਧਰਨ ਦੀ ਉਡੀਕ ਕੀਤੀ ਜਾਵੇ?

ਗੱਲ ਕਿਸੇ ਤਣ-ਪੱਤਣ ਨਾ ਲੱਗੀ ਤਾ ਉਹਨਾਂ ਇਕ ਦਾਨਸ਼ਵਰ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਕਿਹਾ, "ਤੁਹਾਨੂੰ ਇਨ੍ਹਾਂ ਹਾਲਾਤਾਂ ਵਿਚ ਹੀ ਸਭ ਕੁਝ ਕਰਨਾ ਪਵੇਗਾ।"

ਕਿਵੇਂ?

ਜਿਵੇਂ ਇਕ ਬੰਦਾ ਗਿੜਦੇ ਖੂਹ ਤੋਂ ਆਪਣੇ ਊਠ ਨੂੰ ਪਾਣੀ ਪਿਆਉਣ ਗਿਆ। ਊਠ ਨੇ ਗਿੜਦੇ ਹੋਏ ਖੂਹ ਦੇ ਹਰਟ ਵਿਚਲੇ ਕੁੱਤੇ ਦੀ ਟਿੱਕ-ਟਿੱਕ ਵਾਲੀ ਅਵਾਜ਼ ਤੋਂ ਡਰਦੇ ਪਾਣੀ ਨਾ ਪੀਤਾ। ਕਈ ਵਾਰ ਕੋਸ਼ਿਸ਼ ਕੀਤੀ, ਪਰ ਊਠ ਟਿੱਕ-ਟਿੱਕ ਤੋਂ ਡਰ ਜਾਂਦਾ।

ਤਦ ਊਠ ਵਾਲੇ ਨੇ ਖੂਹ ਦੀ ਗਾਧੀ 'ਤੇ ਬੈਠੇ ਬੰਦੇ ਨੂੰ ਕਿਹਾ ਕਿ ਉਹ ਟਿੱਕ-ਟਿੱਕ ਬੰਦ ਕਰੇ। ਟਿੱਕ-ਟਿੱਕ ਬੰਦ ਹੋਈ ਤਾਂ ਖੂਹ ਗਿੜਨਾ ਬੰਦ। ਖੂਹ ਗਿੜਨਾ ਬੰਦ ਤਾਂ ਪਾਣੀ ਆਉਣਾ ਬੰਦ।

ਬੜੀ ਮੁਸ਼ਕਿਲ ਬਣੀ...

ਤਦ ਖੂਹ ਵਾਲੇ ਬੰਦੇ ਕਿਹਾ, "ਭਾਈ! ਜੇ ਤੇਰੇ ਊਠ ਨੇ ਚੱਲਦੇ (ਗਿੜਦਾ) ਖੂਹ ਤੋਂ ਪਾਣੀ ਪੀਣਾ ਹੈ, ਟਿੱਕ-ਇੱਕ ਤਾਂ ਬਰਦਾਸ਼ਤ ਕਰਨੀ ਹੀ ਪਵੇਗੀ।

## ਦੋਸਤੀ ਦੀ ਪਰਿਭਾਸ਼ਾ

ਪਾਣੀ ਨੇ ਦੁੱਧ ਨੂੰ ਕਿਹਾ, ਮੈਂ ਤੇਰੇ ਨਾਲ ਦੋਸਤੀ ਕਰਨੀ ਚਾਹੁੰਨਾ। ਦੁੱਧ ਨੇ ਕਿਹਾ, "ਪਹਿਲਾਂ ਆਪਣੀ ਅਤੇ ਮੇਰੀ ਹਸਤੀ ਵਿਚ ਫ਼ਰਕ ਤਾਂ ਦੇਖ।"

ਪਾਣੀ ਨੇ ਕਿਹਾ, "ਮੈਂ ਜਾਣਦਾ ਹਾਂ। ਮੇਰੀ ਹਸਤੀ ਕਾਰਨ ਹੀ ਸਾਰੀ ਪ੍ਰਕਿਰਤੀ ਹੈ। ਇਹ ਦੁਨੀਆਂ ਪਾਣੀ ਕਾਰਨ ਹੀ ਜੀਵਤ ਹੈ, ਪਰ ਮੈਂ ਤੇਰੀ ਦੋਸਤੀ ਖ਼ਾਤਰ ਆਪਣੀ ਹਸਤੀ ਮਿਟਾਉਣ ਲਈ ਤਿਆਰ ਹਾਂ, ਕਿਉਂਕਿ ਮੈਂ ਇਹ ਵੀ ਜਾਣਦਾ ਹਾਂ ਦੋਸਤੀ ਵਿਚ ਵੱਖਰੀ ਹਸਤੀ ਲਈ ਕੋਈ ਥਾਂ ਨਹੀਂ।"

ਦੁੱਧ ਨੂੰ ਪਾਣੀ ਦੀ ਨਿਮਰਤਾ ਚੰਗੀ ਲੱਗੀ ਅਤੇ ਦੋਵੇਂ ਇਕ ਦੂਜੇ ਵਿਚ ਅਭੇਦ ਹੋ ਗਏ।

ਅਗਨੀ ਨੇ ਕਿਹਾ ਮੈਂ ਹੁਣੇ ਇਸ ਦੋਸਤੀ ਦੀਆਂ ਧੱਜੀਆਂ ਉਡਾ ਦਿੰਦੀ ਹਾਂ। ਦੁੱਧ ਅਤੇ ਪਾਣੀ ਜਿਸ ਬਰਤਨ ਵਿਚ ਪਏ ਸਨ, ਅਗਨੀ ਉਸ ਬਰਤਨ ਹੇਠ ਜੱਵਲਤ ਹੋਈ।


ਪਹਿਲਾਂ ਪਾਣੀ ਭਾਫ਼ ਬਣ ਕੇ ਦੁੱਧ ਤੋਂ ਵੱਖ ਹੋ ਗਿਆ ਅਤੇ ਬਰਤਨ ਤੋਂ ਬਾਹਰ ਨਿਕਲਿਆ।

ਅਗਲੇ ਪਲ ਦੁੱਧ ਨੇ ਕਿਹਾ, "ਹੇ ਦੋਸਤ! ਜੇ ਤੂੰ ਬਰਤਨ ਵਿਚ ਨਹੀਂ ਤਾਂ ਮੇਰਾ ਕੀ ਕੰਮ?"

ਉਹ ਵੀ ਉਬਲ ਕੇ ਬਰਤਨ ਤੋਂ ਬਾਹਰ ਨਿਕਲ ਗਿਆ।

# ਬੱਚਿਆਂ ਦਾ ਪੰਨਾ

## ਇਕਾਗਰਤਾ



ਪਾਂਡਵ ਅਤੇ ਕੌਰਵ ਆਚਾਰੀਆ ਦ੍ਰੋਣਾਚਾਰੀਆ ਦੇ ਗੁਰੂ ਕੁਲ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ। ਇੱਕ ਦਿਨ ਆਚਾਰੀਆ ਨੇ ਆਪਣੇ ਵਿਦਿਆਰਥੀਆਂ ਦਾ ਇਮਤਿਹਾਨ ਲੈਣਾ ਚਾਹਿਆ। ਉਹ ਸਾਰਿਆਂ ਨੂੰ ਲੈ ਕੇ ਇਕ ਜੰਗਲ ਵਿੱਚ ਗਏ ਅਤੇ ਇਕ ਨਕਲੀ ਪੰਛੀ ਦੀ ਅੱਖ ਨੂੰ ਨਿਸ਼ਾਨਾ ਲਗਾਉਣ ਦਾ ਹੁਕਮ ਕੀਤਾ।

ਸਭ ਤੋਂ ਪਹਿਲਾਂ ਯੁਧਿਸ਼ਟਰ ਨੂੰ ਬੁਲਾਇਆ ਅਤੇ ਨਿਸ਼ਾਨਾ ਲਗਾਉਣ ਨੂੰ ਕਿਹਾ। ਗੁਰੂ ਦ੍ਰੋਣਾਚਾਰੀਆ ਨੇ ਪੁੱਛਿਆ ਕਿ ਉਸਨੂੰ ਕੀ ਦਿਖ ਰਿਹਾ ਹੈ, ਉਸ ਨੇ ਉੱਤਰ ਦਿੱਤਾ ਪੰਛੀ ਦਿਖਾਈ ਦੇ ਰਿਹਾ ਹੈ। ਗੁਰੂ ਜੀ ਨੇ ਉਸ ਨੂੰ ਵਾਪਿਸ ਭੇਜ ਦਿੱਤਾ। ਫਿਰ ਭੀਮ ਦੀ ਵਾਰੀ ਆਈ, ਉਸਨੂੰ ਪੁੱਛਣ 'ਤੇ ਉਸ ਨੇ ਉੱਤਰ ਦਿੱਤਾ ਕਿ ਪੰਛੀ ਅਤੇ ਟਾਹਣੀ ਦਿਖਾਈ ਦੇ ਰਹੇ ਹਨ। ਉਸ ਨੂੰ ਵੀ ਵਾਪਿਸ ਭੇਜ ਕੇ, ਦੁਰਯੋਧਨ ਨੂੰ ਪੁੱਛਿਆ ਕਿ ਉਸ ਨੂੰ ਕੀ ਦਿਖ ਰਿਹਾ ਹੈ, ਉਸ ਨੇ ਉੱਤਰ ਦਿੱਤਾ, "ਪੰਛੀ, ਟਾਹਣੀ ਅਤੇ ਬੱਦਲ।"

ਗੁਰੂ ਜੀ ਨੇ ਉਸ ਨੂੰ ਵਾਪਿਸ ਭੇਜਿਆ ਅਤੇ ਅਰਜਨ ਨੂੰ ਬੁਲਾ ਕੇ ਨਿਸ਼ਾਨਾ ਸਾਧਣ ਲਈ ਹੁਕਮ ਦਿੱਤਾ। ਪੁੱਛਿਆ ਕਿ ਉਸ ਨੂੰ ਕੀ ਦਿਖ ਰਿਹਾ ਹੈ।

ਉਸ ਉੱਤਰ ਦਿੱਤਾ, **"ਕੇਵਲ ਪੰਛੀ ਦੀ ਅੱਖ ਦਿਖਾਈ ਦੇ ਰਹੀ ਹੈ।"** ਗੁਰੂ ਦ੍ਰੋਣਾਚਾਰੀਆ ਉਸਨੂੰ ਨਿਸ਼ਾਨਾ ਲਗਾਉਣ ਲਈ ਆਖਿਆ। ਉਸ ਦਾ ਤੀਰ ਸਿੱਧਾ ਜਾ ਕੇ ਪੰਛੀ ਦੀ ਅੱਖ ਵਿੱਚ ਲੱਗਾ।

ਗੁਰੂ ਦ੍ਰੋਣਾਚਾਰੀਆ ਜੀ ਬਹੁਤ ਪ੍ਰਸੰਨ ਹੋਏ ਤੇ ਹੁਕਮ ਕੀਤਾ, "ਵਧੀਆ ਤੀਰ-ਅੰਦਾਜ਼ੀ ਲਈ ਇਹੋ ਜਿਹੀ ਇਕਾਗਰਤਾ ਹੋਣੀ ਚਾਹੀਦੀ।" ਅਰਜਨ ਨੂੰ ਆਸ਼ੀਰਵਾਦ ਦਿੱਤਾ ਕਿ ਅਰਜਨ ਆਉਣ ਵਾਲੇ ਸਮੇਂ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਤੀਰ ਅੰਦਾਜ਼ ਹੋਵੇਗਾ। ਅਰਜਨ ਦੀ ਤੀਰ ਅੰਦਾਜ਼ੀ ਦੇ ਸਾਹਮਣੇ ਕੋਈ ਵੀ ਟਿੱਕ ਨਹੀਂ ਸਕਿਆ। ਇਕਾਗਰਤਾ ਨਾਲ ਕੰਮ ਕਰਨ ਤੇ ਸਫ਼ਲਤਾ ਮਿਲਦੀ ਹੈ।

# ਅਲਵਿਦਾ ਡਾ. ਦਰਿਆ...

**– ਹਰਭਜਨ ਸਿੰਘ ਭਾਟੀਆ**

ਸਾਡਾ ਹੋਣਹਾਰ ਸ਼ਾਗਿਰਦ, ਸਾਥੀ ਅਧਿਆਪਕ ਅਤੇ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਮੁਖੀ ਸਦੀਵੀ ਵਿਛੋੜਾ ਦੇ ਗਿਆ ਹੈ। ਹਾਦਸਾ ਵਾਪਰ ਚੁੱਕਾ ਹੈ, ਪਰ ਸਮੇਤ ਮੇਰੇ ਕਿਸੇ ਨੂੰ ਵੀ ਯਕੀਨ ਨਹੀਂ ਆ ਰਿਹਾ। "ਕਿਧਰੇ ਝੂਠ ਹੋਵੇ" - ਸਭ ਦੀ ਜ਼ੁਬਾਨ 'ਤੇ ਹੈ। ਦੇਸ਼ਾਂ ਵਿਦੇਸ਼ਾਂ ਤੋਂ ਦਾਨਿਸ਼ਵਰ ਮੁੜ-ਮੁੜ ਪੁੱਛ ਰਹੇ ਨੇ। ਪੁੱਛਣ ਵੀ ਕਿਉਂ ਨਾ ? ਅਜੇ ਪੰਜਾਹ ਵਰ੍ਹਿਆਂ ਦਾ ਉਸ 2021 ਦੀ ਪਹਿਲੀ ਅਗਸਤ (ਜਨਮ ਪਹਿਲੀ ਅਗਸਤ, 1971) ਨੂੰ ਹੋਣਾ ਸੀ। ਪਿਛਲੇ ਵਰ੍ਹੇ ਹੀ ਉਹ ਤਰੱਕੀ ਕਰ ਐਸੋਸੀਏਟ ਬਣਿਆ ਸੀ ਅਤੇ ਇਸ ਵਰ੍ਹੇ ਉਹ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਦੇ ਅਹੁਦੇ ਉੱਪਰ ਬਿਰਾਜਮਾਨ ਹੋਇਆ ਸੀ। ਉਹਦੇ ਅੰਦਰ ਉੱਚੀ ਤੇ ਲੰਮੀ ਉਡਾਣ ਭਰਨ ਦੀ ਬੇਹੱਦ ਊਰਜਾ ਤੇ ਉਤਸ਼ਾਹ ਸੀ। ਪਹਿਲੀ ਅਗਸਤ 1971 ਨੂੰ ਮਾਤਾ ਸਵਰਨੀ ਤੇ ਸ਼ੰਗਾਰਾ ਆਜੜੀ ਦੇ ਘਰ ਜਨਮੇ ਦਰਿਆ ਦਾ ਬਚਪਨ ਪ੍ਰੀਤਨਗਰ ਦੇ ਆਸ-ਪਾਸ ਹੀ ਗੁਜ਼ਰਿਆ। ਉਹਦਾ ਪਿੰਡ ਮਹਿਮਦਪੁਰਾ (ਅੰਮ੍ਰਿਤਸਰ) ਸੀ। ਐਮ.ਏ., ਐਮ.ਫਿਲ., ਪੀ.ਐੱਚ.ਡੀ. ਦੀਆਂ ਡਿਗਰੀਆਂ ਉਸ ਹਾਸਲ ਕੀਤੀਆਂ ਹੋਈਆਂ ਸਨ। ਕੁਝ ਵਰ੍ਹੇ ਵਿਭਾਗ ਵਿਚ ਜੂਨੀਅਰ ਰਿਸਰਚ ਫੈਲੋ (1994 ਤੋਂ 1997) ਰਹਿਣ ਮਗਰੋਂ ਲਗਭਗ ਛੇ ਵਰ੍ਹੇ ਬਤੌਰ ਐਡਹਾਕ ਲੈਕਚਰਾਰ ਉਸ ਡੀ.ਏ.ਵੀ. ਕਾਲਜ ਅੰਮ੍ਰਿਤਸਰ ਵਿਚ ਗੁਜ਼ਾਰੇ। ਪਹਿਲੀ ਰੈਗੂਲਰ ਨੌਕਰੀ ਉਸ ਨੂੰ ਬੀ.ਯੂ.ਸੀ. ਬਟਾਲਾ ਵਿਖੇ ਮਿਲੀ ਜਿੱਥੇ ਉਸ ਤਿੰਨ ਵਰ੍ਹੇ (2003-2006) ਵਰ੍ਹੇ ਗੁਜ਼ਾਰੇ। 23 ਜਨਵਰੀ 2006 ਨੂੰ ਉਸ ਵਿਭਾਗ ਵਿਚ ਬਤੌਰ ਲੈਕਚਰਰ ਜਾਇਨ ਕੀਤਾ। ਉਸ ਜ਼ਮਾਨੇ ਵਿਚ ਡਾ. ਐੱਸ.ਪੀ. ਸਿੰਘ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਸਨ।

ਡਾ. ਦਰਿਆ ਦੀ ਕਾਬਲੀਅਤ (ਐਮ.ਏ. ਵਿੱਚੋਂ ਗੋਲਡ ਮੈਡਲ), ਮਿਹਨਤ, ਲਗਨ ਅਤੇ ਖੋਜ ਰੁਚੀ ਕਰਕੇ ਹੀ ਡਾ. ਐੱਸ.ਪੀ. ਸਿੰਘ ਨੇ ਉਸ ਨੂੰ ਇਸ ਵਿਭਾਗ ਵਿਚ ਲੈ ਆਂਦਾ ਸੀ। ਜਿਨ੍ਹਾਂ ਉਸਤਾਦਾਂ ਪਾਸੋਂ ਉਸ ਸਿੱਖਿਆ-ਦੀਖਿਆ ਹਾਸਲ ਕੀਤੀ ਸੀ। ਉਨ੍ਹਾਂ ਦਾ ਹੀ ਅਜ਼ੀਜ਼ ਸਹਿਕਰਮੀ ਬਣ ਗਿਆ। ਵਿਭਾਗ ਅਤੇ ਉਹਦੇ ਲਈ ਇਹ ਸੱਚਮੁੱਚ ਮਾਣਮੱਤੀ ਘੜੀ ਸੀ। ਆਪਣੇ ਉਸਤਾਦਾਂ ਨਾਲ ਨਿੱਕੀ-ਨਿੱਕੀ ਨੋਕ-ਝੋਕ, ਨਿੱਕੀਆਂ-ਨਿੱਕੀਆਂ ਜੁਗਤਾਂ ਅਤੇ ਇੱਲਤਾਂ ਕਰ ਉਹ ਕਈ ਵਾਰ ਬਹੁਤ ਪ੍ਰਸੰਨ ਹੁੰਦਾ ਸੀ। ਅਧਿਆਪਕ ਵੀ ਉਸ ਨੂੰ ਪਿਆਰਾ ਸ਼ਾਗਿਰਦ ਮੰਨ ਗੁੱਸਾ ਗਿਲਾ ਘੱਟ ਹੀ ਕਰਦੇ ਸਨ।



ਡਾ. ਦਰਿਆ ਬਤੌਰ ਅਧਿਆਪਕ ਤਾਂ ਮਕਬੂਲ ਹੋਇਆ ਹੀ, ਨਾਲ ਹੀ ਉਸ ਆਪਣਾ ਖੋਜ ਕਾਰਜ ਵੀ ਲਗਾਤਾਰ ਜਾਰੀ ਰੱਖਿਆ। ਲੋਕਧਾਰਾ ਉਸ ਦੀ ਮੁਹਾਰਤ ਦਾ ਖੇਤਰ ਸੀ। ਉਸ ਨੇ ਸ਼ਾਇਰੀ ਦੀ ਪੁਸਤਕ ਲਿਖੀ 'ਜੰਗਲ ਦੇ ਨਾਲ ਨਾਲ' (2017) ਤੇ ਸ਼ਾਇਰਾਂ ਨਾਲ ਉਹਦਾ ਉੱਠਣ ਬਹਿਣ ਸ਼ੁਰੂ ਹੋ ਗਿਆ। ਸੈਮੀਨਾਰ ਹੋਵੇ, ਵੈਬੀਨਾਰ, ਫੇਸਬੁੱਕ ਜਾਂ ਵਟਸਐਪ ਹਰ ਥਾਂ ਹਾਜ਼ਰ ਦਿਸਦਾ ਸੀ ਉਹ। ਨਿੱਕੀ ਮੋਟੀ ਸਾਹਿਤਕ ਘਟਨਾ ਜਾਂ ਗਤੀਵਿਧੀ ਨੂੰ ਉਹ ਝੱਟ ਪੂਰੀ ਦੁਨੀਆਂ ਤਕ ਅਪੜਾ ਦੇਂਦਾ ਸੀ। ਉਹਦੇ ਫੇਸਬੁੱਕੀਏ ਯਾਰਾਂ ਦਾ ਘੇਰਾ ਬਹੁਤ ਵਿਸ਼ਾਲ ਤੇ ਹੈਰਾਨ ਕਰ ਦੇਣ ਵਾਲਾ ਸੀ। ਪੂਰੀ ਦੁਨੀਆਂ ਨਾਲ ਜੁੜ ਜਾਣ ਜਾਂ ਉਸ ਨੂੰ ਆਪਣੇ ਨਾਲ ਜੋੜ ਲੈਣ ਦੀ ਉਸ ਨੂੰ ਹਮੇਸ਼ਾ ਲੋਚਾ/ਕਾਹਲ ਰਹੀ।

ਐਮ.ਫਿਲ. ਉਸ ਨੇ 'ਪੰਜਾਬ ਦੇ ਸਾਂਸੀ ਕਬੀਲੇ ਦਾ ਵਿਆਹ ਪ੍ਰਬੰਧ' ਵਿਸ਼ੇ ਉੱਪਰ 1994 ਵਿੱਚ ਕੀਤੀ। ਮਗਰੋਂ ਡਾ. ਗੁਰਮੀਤ ਸਿੰਘ ਦਾ ਸ਼ਾਗਿਰਦ ਬਣ 'ਪੰਜਾਬੀ ਲੋਕ

ਧਰਮ: ਸਮਾਜ ਮਨੋਵਿਗਿਆਨਕ ਅਧਿਐਨ' ਵਿਸ਼ੇ ਉੱਪਰ 1999 ਵਿਚ ਪੀ.ਐੱਚ.ਡੀ. ਦੀ ਉਪਾਧੀ ਹਾਸਲ ਕੀਤੀ। 'ਪੰਜਾਬ ਦੇ ਸਾਂਸੀ ਕਬੀਲੇ ਦਾ ਸਭਿਆਚਾਰ' (1997), 'ਪੰਜਾਬੀ ਲੋਕ ਧਰਮ: ਇਕ ਅਧਿਐਨ' (2004), 'ਪੰਜਾਬ ਦੇ ਕਬੀਲੇ: ਅਤੀਤ ਤੇ ਵਰਤਮਾਨ' (2014), 'ਪੰਜਾਬੀ ਲੋਕਧਾਰਾ ਤੇ ਸਭਿਆਚਾਰ: ਬਦਲਦੇ ਸਰੂਪ' (2016), 'ਪੰਜਾਬੀ ਲੋਕਧਾਰਾ ਅਧਿਐਨ: ਵਿਭਿੰਨ ਪਾਸਾਰ' (2017) ਅਤੇ 'ਪੰਜਾਬੀ ਲੋਕਧਰਮ: ਸਮਾਜ ਮਨੋਵਿਗਿਆਨਕ ਅਧਿਐਨ' (2019) ਲੋਕ ਧਾਰਾ ਦੇ ਖੇਤਰ ਨਾਲ ਸੰਬੰਧਿਤ ਉਸ ਦੀਆਂ ਕੁਝ ਗੌਲਣਯੋਗ ਮੌਲਿਕ ਖੋਜ ਪੁਸਤਕਾਂ ਹਨ। ਅਧਿਆਪਨ ਤੇ ਖੋਜ ਦੇ ਕਾਰਜ ਨੂੰ ਉਸ ਬਰੋ-ਬਰਾਬਰ ਤੋਰਿਆ। ਲੋਕਧਾਰਾ ਅਤੇ ਸਾਹਿਤ ਵਿਚ ਉਸ ਦੀ ਨਿਰੰਤਰ ਦਿਲਚਸਪੀ ਵਿੱਚੋਂ ਉਸ ਦੀਆਂ ਗਿਆਰਾਂ ਮੌਲਿਕ ਤੇ ਸੰਪਾਦਿਤ ਪੁਸਤਕਾਂ ਨੇ ਜਨਮ ਲਿਆ। ਅੱਠ ਪੀ.ਐੱਚ.ਡੀ. ਅਤੇ ਲਗਭਗ ਤੀਹ ਐਮ.ਫਿਲ. ਦੇ ਖੋਜ ਵਿਦਿਆਰਥੀਆਂ ਨੇ ਉਸ ਦੀ ਨਿਗਰਾਨੀ ਹੇਠ ਡਿਗਰੀਆਂ ਹਾਸਲ ਕੀਤੀਆਂ। ਇਹ ਸਭ ਕੁਝ ਨਿਰੰਤਰ ਸਾਧਨਾ ਤੋਂ ਬਗੈਰ ਨੇਪਰੇ ਚਾੜ੍ਹਨਾ ਭਲਾ ਮੁਮਕਿਨ ਹੋ ਸਕਦਾ ਸੀ? ਆਪਣੇ ਕੰਮ ਤੇ ਕਾਬਲੀਅਤ ਕਰਕੇ ਹੀ ਉਹਦੀ ਕਦਰ ਸੀ। ਇਸੇ ਲਈ ਲੋਕ/ਦਾਨਿਸ਼ਵਰ ਦਿਲੋਂ ਦੁੱਖ ਅਤੇ ਅਫ਼ਸੋਸ ਦਾ ਇਜ਼ਹਾਰ ਕਰ ਰਹੇ ਹਨ। ਸਚਮੁੱਚ ਅਜੇ ਉਸਦੀ ਆਪਣੇ ਪਰਿਵਾਰ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਡਾਹਢੀ ਲੋੜ ਸੀ। ਨਹੀਂ ਸੀ ਜਾਣਾ ਚਾਹੀਦਾ ਓਸਨੂੰ ਏਸ ਰੁੱਤੇ। ਸਚਮੁੱਚ:

ਵੋਹ ਮਿਰੇ ਸਾਹਮਣੇ ਹੀ ਗਯਾ ਔਰ ਮੈਂ
ਰਾਸਤੇ ਕੀ ਤਰਹ ਦੇਖਤਾ ਰਹਿ ਗਿਆ।

ਪਿਛਲੇ ਢਾਈ ਤਿੰਨ ਦਹਾਕਿਆਂ ਤੋਂ ਮੈਂ ਪੂਰੀ ਗੰਭੀਰਤਾ ਨਾਲ ਉਸ ਦੇ ਖੋਜ ਕਾਰਜ ਉੱਪਰ ਨਿਗਾਹ ਟਿਕਾਈ ਹੋਈ ਸੀ। ਉਹਦਾ ਲਿਖਿਆ ਹਰਫ਼-ਹਰਫ਼ ਮੇਰੀ ਨਜ਼ਰ ਹੇਠ ਸੀ। ਉਹਦੀ ਖੋਜ ਸਾਮਗ੍ਰੀ, ਤਾਰੀਕਾਕਾਰ, ਪਹੁੰਚ ਵਿਧੀ ਅਤੇ ਨਜ਼ਰੀਏ ਦੀ ਪਛਾਣ ਵਿੱਚ ਮੇਰੀ ਗਹਿਰੀ ਦਿਲਚਸਪੀ ਸੀ। ਉਹ ਕਿਧਰੇ ਸਮੱਗਰੀ ਨੂੰ ਹੀ ਨਾ ਖੋਜ ਸਮਝ ਬੈਠੇ, ਮੇਰਾ ਜਾਇਜ਼ ਫ਼ਿਕਰ ਸੀ। ਉਸਦੀ ਖੋਜ ਪਾਸੋਂ ਮੇਰੀ ਤਵੱਕੋਂ ਸੀ ਕਿ ਉਹ ਵਹਿਮਾਂ-ਭਰਮਾਂ ਅਤੇ ਹਨੇਰ ਬਿਰਤੀ ਦੀ ਦਲਦਲ ਵਿਚ ਫਸੀ/ਧਸੀ ਲੋਕਾਈ ਨੂੰ ਇਸ ਵਿੱਚੋਂ ਬਾਹਰ ਨਿਕਲਣ ਦਾ ਰਾਹ ਦੱਸੇ। ਸਹਿਜੇ-ਸਹਿਜੇ ਉਹ ਇਸ ਰਾਹ ਦਾ ਪਾਂਧੀ ਹੋ ਨਿਬੜਿਆ। ਸਾਂਸੀ ਕਬੀਲੇ ਬਾਰੇ ਮੁੱਢਲੀ ਜਿਹੀ ਜਾਣ ਪਛਾਣ ਤੋਂ ਉਸ ਆਪਣੀ ਗਿਆਨ ਯਾਤਰਾ ਆਰੰਭ ਕੀਤੀ। ਨਿਰਸੰਦੇਹ, ਕਬੀਲਾ ਸਭਿਆਚਾਰ ਸਬੰਧੀ ਬਣੇ ਭਰਮ-ਭੁਲੇਖਿਆਂ ਨੂੰ ਉਸ ਤੋੜਿਆ ਅਤੇ ਪੰਜਾਬੀ ਪਾਠਕਾਂ ਨੂੰ ਕਬੀਲਿਆਂ ਬਾਰੇ ਭਰੋਸੇਯੋਗ ਜਾਣਕਾਰੀ ਮੁਹੱਈਆ ਕੀਤੀ। ਫਿਰ ਉਸ ਆਪਣੇ ਖੋਜ ਦੇ ਕਾਰਜ ਦਾ ਮੂੰਹ ਲੋਕ ਧਰਮ ਤੇ ਲੋਕ ਵਿਸ਼ਵਾਸਾਂ ਦੀ ਨਿਸ਼ਾਨਦੇਹੀ ਵੱਲ ਮੋੜਿਆ। ਪੰਜਾਬੀ ਲੋਕਧਾਰਾ ਤੇ ਸਭਿਆਚਾਰ ਦੇ ਬਦਲਦੇ ਸਰੂਪ ਦੀ ਪਛਾਣ ਨਾਲ ਉਹ ਲਗਾਤਾਰ ਜੁੜਿਆ ਰਿਹਾ। ਡਾ. ਦਰਿਆ ਦੀ ਖੋਜ ਤੇ ਖੋਜ ਵਿਧੀ ਮਹਿਜ਼ ਖੰਡਨ-ਮੰਡਨ ਦਾ ਪੜਾਅ ਪਾਰ ਕਰ ਕੇ ਤਾਰਕਿਕ ਤੇ ਵਿਗਿਆਨਕ ਸਰੂਪ ਅਖਤਿਆਰ ਕਰਨਾ ਆਰੰਭ ਕਰ ਦਿੱਤਾ ਸੀ।

ਵਰਤਮਾਨ ਪਰਿਪੇਖ ਵਿਚ ਉਸ ਨੇ ਇਸ ਸਾਮਗ੍ਰੀ ਦੇ ਗ੍ਰਹਿਣਯੋਗ ਤੇ ਤਿਆਗਣਯੋਗ ਪਾਸਾਰਾਂ ਦੀ ਸੋਝੀ ਹਾਸਲ ਕਰ ਲਈ ਸੀ। ਖੇਤਰੀ ਕਾਰਜ ਤੇ ਉਸ ਵਿੱਚੋਂ ਹਾਸਲ ਕੀਤੇ ਤੱਥਾਂ ਦੀ ਉਹ ਲਗਾਤਾਰ ਪੜਤਾਲ ਤੇ ਪੜਚੋਲ ਕਰ ਰਿਹਾ ਸੀ। ਉਹਦੇ ਅਨੁਭਵ ਤੇ ਗਿਆਨ ਨੇ ਇਕ ਦੂਸਰੇ ਵਿਚ ਸਮੋਣਾ ਸ਼ੁਰੂ ਕਰ ਦਿੱਤਾ। ਮੰਡੀ, ਮਾਇਆ ਅਤੇ ਮੁਨਾਫ਼ੇ 'ਤੇ ਖੜ੍ਹਾ ਇਹ ਕਾਰਪੋਰੇਟ ਜ਼ਮਾਨਾ ਲੋਕਧਾਰਾ ਦੀ ਸਾਮਗ੍ਰੀ ਨੂੰ ਵਸਤਹਾਰ ਵੇਚ ਵੱਟ ਰਿਹਾ ਹੈ। ਇਸ ਸਭ ਕੁਝ ਨੂੰ ਜਾਣਨ-ਬੁੱਝਣ ਵਿਚ ਲੱਗਾ ਹੋਇਆ ਸੀ, ਉਹ। ਲੋਕਧਾਰਾ ਨੂੰ ਆਪਣੀ ਖੋਜ ਤੇ ਦਿਲਚਸਪੀ ਦਾ ਖੇਤਰ ਬਣਾਉਣ ਵਾਲਿਆਂ ਨੂੰ ਹਰ ਪ੍ਰਕਾਰ ਦੇ ਵਹਿਮਾਂ-ਭਰਮਾਂ, ਮਿੱਥਾਂ ਤੇ ਭ੍ਰਾਂਤੀਆਂ ਨੂੰ ਤੋੜਨਾ ਤੇ ਲੋਕਾਈ ਨੂੰ ਸੱਚ ਦਾ ਰਾਹ ਦਿਖਾਉਣਾ ਚਾਹੀਦਾ ਹੈ। ਹਕੀਕਤ ਨੂੰ ਨਸ਼ਰ ਕਰਨਾ ਤੇ ਸੱਚ ਦੀ ਨਿਰੰਤਰ ਤਲਾਸ਼ ਕਰਨਾ ਹੀ ਇਸ ਖੋਜ ਦਾ ਅਸਲ ਰਾਹ-ਰਸਤਾ ਹੈ। ਏਸੇ ਦੀ ਪਛਾਣ ਨਾਲ ਜ਼ਮਾਨੇ ਦੇ ਕੱਚ-ਸੱਚ ਨੂੰ ਸਮਝਿਆ ਅਤੇ ਇਸਨੂੰ ਬਦਲਿਆ ਜਾ ਸਕਦਾ ਹੈ। ਖੁਸ਼ਾਮਦ ਨਹੀਂ, ਮਿਹਨਤ ਹੀ ਸੱਚ ਤੱਕ ਅੱਪੜਣ ਦਾ ਰਾਹ ਹੈ। ਬੌਧਿਕ ਚਲਾਕੀ ਨਾਲ ਹਨੇਰੇ ਰਾਹਾਂ ਨੂੰ ਠੀਕ ਦੱਸਣ ਤੋਂ ਬੁੱਧੀਜੀਵੀ ਵਰਗ ਨੂੰ ਲੱਗਦੀ ਵਾਹ ਗੁਰੇਜ਼ ਕਰਨਾ ਚਾਹੀਦਾ ਹੈ। ਲੋਕਾਈ ਦੀ ਪੀੜਾ ਦੀ ਠੀਕ ਸਮਝ ਅਤੇ ਉਹਦੀ ਜਹਾਲਤ ਤੋਂ ਮੁਕਤੀ ਹਰ ਪ੍ਰਕਾਰ ਦੀ ਖੋਜ ਦੇ ਕੇਂਦਰ ਵਿਚ ਟਿਕਣੀ ਚਾਹੀਦੀ ਹੈ। ਨਵੀਂ ਪੀੜ੍ਹੀ ਨੂੰ ਇਸ ਬਿਖੜੇ ਤੇ ਦੁਸ਼ਵਾਰ ਰਾਹ ਉੱਪਰ ਤੁਰਣ ਦਾ ਪ੍ਰਣ ਕਰਨਾ ਚਾਹੀਦਾ ਹੈ। ਇਹ ਹੀ ਡਾ. ਦਰਿਆ ਵਰਗੇ ਮਿਹਨਤੀ, ਸੁਹਿਰਦ ਤੇ ਸਮਰਪਿਤ ਵਿਦਵਾਨ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਆਮੀਨ!

**'ਪੰਜਾਬੀ ਟ੍ਰਿਬਿਊਨ' ਵਿੱਚੋਂ ਧੰਨਵਾਦ ਸਹਿਤ**

# ਸਤਿਜੁਗ ਸਰਵੇਖਣ (Satjug Survey)

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ 'ਸਤਿਜੁਗ' ਪਰਚੇ (Magazine) ਦਾ ਸਰਵੇਖਣ ਕਰਵਾਇਆ ਜਾ ਰਿਹਾ ਹੈ। ਇਸ ਵੇਲੇ 'ਸਤਿਜੁਗ' ਦੋ ਰੂਪਾਂ ਕਿਤਾਬ ਰੂਪ (Hard copy) ਅਤੇ ਡਿਜ਼ੀਟਲ ਰੂਪ (Soft copy or Pdf) ਵਿੱਚ ਪਾਠਕਾਂ ਤੱਕ ਪਹੁੰਚ ਰਿਹਾ ਹੈ। ਇਸ ਤੋਂ ਇਲਾਵਾ 'ਸਤਿਜੁਗ' ਦੀ ਐਪਲੀਕੇਸ਼ਨ (App) ਤਿਆਰ ਕੀਤੀ ਜਾ ਰਹੀ ਹੈ। ਜਿਸ ਵਿੱਚ ਤੁਸੀਂ 'ਸਤਿਜੁਗ' ਦੀ Pdf ਕਾਪੀ ਤੋਂ ਇਲਾਵਾ ਸੁਣਨ ਦੀ ਸੁਵਿਧਾ (Audio) ਵੀ ਪ੍ਰਾਪਤ ਕਰ ਸਕੋਗੇ।

ਇਸ ਸਬੰਧੀ ਅਦਾਰਾ 'ਸਤਿਜੁਗ' ਆਪਣੇ ਪਾਠਕਾਂ ਦੇ ਵਿਚਾਰ ਪ੍ਰਾਪਤ ਕਰਨਾ ਚਾਹੁੰਦਾ ਹੈ, ਇਸ ਲਈ ਸਾਨੂੰ ਤੁਹਾਡੀ ਕੁਝ ਜਾਣਕਾਰੀ ਚਾਹੀਦੀ ਹੈ।

ਕਿਰਪਾ ਕਰਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

ਕਾਲਮ ਵਿੱਚ [✓] ਕਰੋ ਜੀ।

1. ਕੀ ਤੁਹਾਡੇ ਘਰ 'ਸਤਿਜੁਗ' ਪਰਚਾ ਆ ਰਿਹਾ ਹੈ?
   ਹਾਂ [ ]   ਨਹੀਂ [ ]   ਕਦੇ-ਕਦੇ [ ]

2. ਤੁਹਾਡੇ ਘਰ ਵਿੱਚ ਕਿੰਨੇ ਮੈਂਬਰ ਸਤਿਜੁਗ ਪੜ੍ਹਦੇ ਹਨ?
   [1] [2] [3] [4] [5] [ਵੱਧ]

3. ਤੁਸੀਂ ਕਿਸ ਭਾਸ਼ਾ ਵਿੱਚ 'ਸਤਿਜੁਗ' ਪੜ੍ਹਨ ਵਿੱਚ ਸੌਖ ਮਹਿਸੂਸ ਕਰਦੇ ਹੋ?
   ਪੰਜਾਬੀ [ ]   ਅੰਗਰੇਜ਼ੀ [ ]   ਹਿੰਦੀ [ ]

4. ਤੁਸੀਂ ਆਪਣਾ ਵੱਟਸਐਪ ਵਾਲਾ ਮੋਬਾਈਲ ਨੰਬਰ ਦਿਓ ਜੀ ......................

5. ਤੁਹਾਡਾ ਈਮੇਲ ਪਤਾ .........................................

6. ਕੀ ਤੁਸੀਂ ਸਤਿਜੁਗ ਜਾਰੀ ਰੱਖਣਾ ਚਾਹੁੰਦੇ ਹੋ?
   ਹਾਂ [ ]   ਨਹੀਂ [ ]

7. ਤੁਸੀਂ ਸਤਿਜੁਗ ਕਿਸ ਰੂਪ ਵਿੱਚ ਪ੍ਰਾਪਤ ਕਰਨਾ ਚਾਹੁੰਦਾ ਹੋ?
   * ਕਿਤਾਬ ਰੂਪ [ ]   * ਮੋਬਾਈਲ ਐਪ ਰਾਹੀਂ [ ]
   * E. Magazine (Pdf) [ ]   * ਉਪਰੋਕਤ ਤਿੰਨੇ ਹੀ [ ]

ਸਤਿਜੁਗ ਦੇ ਪਾਠਕਾਂ ਨੂੰ ਬੇਨਤੀ ਹੈ ਕਿ ਉਪਰੋਕਤ ਪ੍ਰਸਨਾਂ ਦੇ ਉੱਤਰਾਂ ਤੋਂ ਬਾਅਦ ਆਪਣਾ ਪਤੇ (Address) ਦੀ, ਆਪਣੇ ਸਤਿਜੁਗ ਦੇ ਇਨਵੈਲਪ (Envelope) ਤੋਂ ਹੀ ਫੋਟੋ ਖਿੱਚ ਕੇ ਹੇਠ ਲਿਖੇ ਕਿਸੇ ਵੀ ਨੰਬਰ 'ਤੇ ਭੇਜ ਦਿਓ। ਉਦਾਹਰਨ ਵਜੋਂ:

SH. HAKAM SINGH S/O HARBHAJAN SINGH
VPO-SRI BHAINI SAHIB, NEAR PEHLWAN DIARY
FARM, RAIAN ROAD, TEH&DIST-LUDHIANA
141126

ਸੰਪ: ਹਾਕਮ ਸਿੰਘ 98155-75099
ਤਰਨ ਸਿੰਘ 99147-02201


Date of Publication: 28-09-2020,
Date of Posting: 29-30 Sep. 2020

RNI NO. 55658/93 Delhi Postal Regd. No. DL(W)
01/2055/18-20

ਨਾਮਧਾਰੀ ਸੁਪ੍ਰਸਿੱਧ ਜਥੇਦਾਰ ਸੇਵਾ ਸਿੰਘ ਦਿੱਲੀ



ਉਰਦੂ ਦੇ ਪ੍ਰਸਿੱਧ ਸ਼ਾਇਰ ਰਾਹਤ ਇੰਦੌਰੀ



ਭਾਰਤੀ ਸਾਸ਼ਤਰੀ ਸੰਗੀਤਕਾਰ ਪੰਡਿਤ ਜਸਰਾਜ



ਪੰਜਾਬੀ ਲੋਕਧਾਰਾ ਚਿੰਤਕ ਡਾ. ਦਰਿਆ



ਗੁਰਬਾਣੀ ਦੇ ਮਹਾਨ ਵਿਦਵਾਨ ਮਾਸਟਰ ਦਰਸ਼ਨ ਸਿੰਘ



**Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.**